ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਪਰਸੰਗ

ਪਰਤੱਖ ਸਤਿਗੁਰੂ

ਭਾਗ ਪਹਿਲਾ

ਲੇਖਕ

[illegible] ਸਿੰਘ ਨਾਮਧਾਰੀ "ਸੇਵਾਦਾਰ"

ਯਮੁਨਾ ਨਗਰ

ਤਹਸੀਲ ਜਗਾਧਰੀ ਜਿਲਾ ਅੰਬਾਲਾ

ਹਰਆਣਾ ਭਾਰਤ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh dhana

ਬੇਅੰਤ ਪਾਤਸ਼ਾਹ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਤੱਤਕਰਾ

ਉ ਉਪਰੋਂ

ਬ ਥਲਿਓ

ਸਫਾ		ਸਤਰ	ਸ਼ੁਧ	ਅਸ਼ੁਧ
2	ਉ	9	ਕੰਸ	ਕੰਧ
3	ਉ	12	ਗੂੰਗੇ	ਗੰਗੇ
3	ਬ	12	ਕਰਕੇ	ਭਰਕੇ
4	ਉ	3	ਰਸਦਾਇਕ	ਰਸਕ ਇਕ
6	ਉ	3	ਨਹੀਂ	ਮਹੀਂ
7	ਬ	3	ਕੀਲੇ	ਕੀਨਦੇ
10	ਬ	5	ਪੁਛਦੇ ਨੇ	ਪੁਛਦੇ
11	ਉ	10	ਯਾਰੜੇ	ਯਾਰਤ
14	ਉ	13	ਬੈਠੇਂ	ਬੈਠੀ
14	ਬ	6	ਮਾਪਿਆ	ਸਾਪਿਆ
29	ਬ	8	ਦੇਂ	ਦ
26	ਬ	7	ਧਰਾਵਦਾ	ਪਰਾਵਦਾ
33	ਉ	7	ਅੰਗੂਰ	ਅੰਗੁਰ
36	ਉ	4	ਸੰਤ	ਸੰਪ
36	ਬ	8	ਲੱਚਲੀ	ਲਚਦੀ
41	ਬ	3	ਅਰੂੜਸਿੰਘ ਨੂੰ	ਅਰੂੜ ਸਿੰਘ
41	ਬ	2	ਅਉਂਦਾ	ਅਉ
54	ਉ	3	ਦਾੜਾ	ਢਾੜਾ
55	ਉ	10	ਮੱਛੇ ਤੇ	ਮੋਚੇ ਤੇ
58	ਬ	4	ਬੇਅੰਤ ਪਾਤਸ਼ਾਹਾ	ਜਦੋਂ ਪਾਤਸ਼ਾਹਾ
58	ਬ	4	ਤੁਰੇ	ਤੁਰ
58	ਬ	3	ਜਦੋ ਚਰਨਾ	ਬੇਅੰਤ ਚਰਨਾ
59	ਬ	8	ਸੱਥਾ	ਸੋਧਾ
60	ਉ	1	ਰਚ਼ਾ	ਰਚ਼
62	ਬ	1	ਸੇਵਾਦਾਰ	ਸੌਵਾਦਾਰ
64	ਉ	7	ਖਬਰੇਦੁਖਦੁਖਿਆਰਨ	ਖਬਰ ਦੁਖਿਆਰ ਨ

ਮੁਲ ੮-੦੦ ਰੁਪਏ

Printed by :
Sargodha Printing Press,
Yamuna Nagar
Phone : 23802

ਪ੍ਰੇਰਨਾ

ਮੇਰੇ ਪਰਮ ਮਿੱਤਰ ਸੰਤ ਤਰਸੇਮ ਸਿੰਘ (ਨਿਜੀ ਸਕੱਤਰ ਸ੍ਰੀ ਸਤਗੁਰੂ ਜੀ) ਜੀ ਨੇ ਮੈਨੂੰ ਪ੍ਰੇਰਨਾ ਕੀਤੀ ਕਿ ਤੂੰ ਵੀ ਸਤਿਗੁਰਾਂ ਦੇ ਜੱਸ ਰੂਪੀ ਕੋਈ ਪੁਸਤਿਕ ਲਿਖ ਮੈਨੂੰ ਆਪਣੇ ਆਪ ਵਿਚ ਬੜੀ ਘਾਟ ਅਨਭਵ ਹੋਈ ਨਾ ਮੈ ਕਵੀ ਨ ਲਖਾਰੀ ਨਾ ਹੀ ਮੈਨੂੰ ਇਸ ਕਮ ਬਾਰੇ ਕੋਈ ਗਿਆਨ ਹੀ ਹੈ ਏਹ ਕਮ ਮੇਰੇ ਕੋਲੋ ਕਿਸ ਤਰਾਂ ਹੋਸਕਦਾ ਹੈ ਅਰਜ਼ ਕੀਤੀ ਪਰ ਓਹਨਾ ਕਿਹਾ ਤੈਨੂੰ ਚਿੰਤਾ ਕਰਨ ਦੀ ਲੋੜ ਨਹੀ ਕੇਵਲ ਉਦਮ ਦੀ ਹੀ ਲੋੜ ਹੈ ਕ੍ਰਿਪਾ ਸਤਿਗੁਰਾਂ ਨੇ ਹੀ ਕਰਨੀ ਹੈ ਪਰ ਫੇਰ ਵੀ ਮੈ ਬਸੁਤ ਚਿਰ ਇਸ ਕਮ ਵਲ ਧਿਆਨ ਨਾ ਦਿਤਾ ਪਰ ਓਨਾ ਦੀ ਪ੍ਰੇਰਨਾ ਅੰਦਰੋਂ ਟੁੰਬਦੀ ਹੀ ਰਹੀ। ਆਖਰ ਮੈ ਸਤਿਗੁਰਾਂ ਦੇ ਚਰਨਾ ਦਾ ਧਿਆਨ ਧਰ ਕੇ ਕੁਝ ਲਿਖਣ ਦਾ ਯਤਨ ਕੀਤਾ ਹੈ ਆਸ ਹੈ ਕਿ ਪਾਠਕ ਜਨ ਇਸ ਨੂੰ ਪੱੜ ਕੇ ਰਸ ਮਾਨਣ ਗੇ ਅਤੇ ਇਸ ਵਿਚ ਰਹੀਆਂ ਤਰੁਟੀਆਂ ਮੇਰੇ ਅਣਜਾਣ ਪੁਣੇ ਦਾ ਕਾਰਨ ਸਮਝਣ ਗੇ।

ਸੇਵਾ ਸਿੰਘ ਨਾਮਧਾਰੀ
ਸੇਵਾਦਾਰ

ਬੰਦਨਾ

ਪਹਿਲਾ ਬੰਦਨਾ ਕਰਾ ਓਸ ਤਾਈ!
ਸਾਰੇ ਜੱਗ ਦਾ ਜੋ ਸਿਰਜਨਹਾਰ ਹੈ ਜੀ
ਆ ਕੇ ਸਤਿਜੁਗ ਵਿਚ ਬੱਲ ਨੂੰ ਛਲਿਆ ਜਿਨ
ਦਿਤਾ ਰਾਜ ਪਤਾਲ ਸੰਭਾਰ ਹੈ ਜੀ
ਹੋ ਕੇ ਵਿਚ ਤਰੇਤੇ ਦੇ ਰਾਮ ਆਇਆ,
ਰਾਵਨ ਬਲੀ ਨੂੰ ਦਿਤਾ ਸੰਘਾਰ ਹੈ ਜੀ।
ਆਪੇ ਕ੍ਰਿਸ਼ਨ ਦੁਆਪਰ ਦੇ ਵਿਚ ਹੋਇਆ,
ਰਿਹਾ ਚੋਜ ਕਰਦਾ ਬੇਸ਼ੁਮਾਰ ਹੈ ਜੀ।
ਮਾਰ ਕੰਧ ਤੇ ਭਗਤ ਨੂੰ ਰਾਜ ਦੇ ਕੇ,
ਲਿਆ ਕਲਿਜੁਗ ਵਿਚ ਨਾਨਕ ਅਵਤਾਰ ਹੈ ਜੀ।
ਭਰਮਨ ਕਰ ਸੰਸਾਰ ਦੇ ਵਿਚ ਸਾਰੇ,
ਰਿਹਾ ਧਰਮ ਦਾ ਕਰਦਾ ਪ੍ਰਚਾਰ ਹੈ ਜੀ।
ਸਾਰੇ ਕਲਜੁਗ ਨੂੰ ਨਾਨਕ ਨੇ ਭੋਗਣਾ ਏ,
ਬਾਰ ਬਾਰ ਕੀਤਾ ਇਕਰਾਰ ਹੈ ਜੀ।
ਅੰਗਦ ਲੈਹਣਾ ਤੋਂ ਆਪਣਾ ਰੂਪ ਕਰ ਕੇ,
ਦਿਤਾ ਸੰਗਤ ਨੂੰ ਓਹੋ ਦੀਦਾਰ ਹੈ ਜੀ।
ਅਮਰ ਦਾਸ ਆਪੇ ਰਾਮ ਦਾਸ ਹੋਇਆ,
ਅਰਜਨ ਦੇਵ, ਹਰਿਗੋਬਿੰਦ ਸਰਕਾਰ ਹੈ ਜੀ।

ਹਰਿ ਰਾਏ ਆਪੇ ਹਰਿ ਕ੍ਰਿਸ਼ਨ ਹੋ ਕੇ,

ਕਰਾਇਆ ਗੰਗੇ ਤੋਂ ਗੀਤਾ ਦਾ ਸਾਰ ਹੈ ਜੀ ।

ਹੋਇ ਤੇਗ ਬਹਾਦਰ ਵੀ ਗੁਰੂ ਆਪੇ,

ਸੀਸ ਵਾਰ ਲਿਆ ਧਰਮ ਉਭਾਰ ਹੈ ਜੀ ।

ਦਸਵਾਂ ਗੁਰੂ ਗੋਬਿੰਦ ਸਿੰਘ ਆਪ ਹੋਇਆ ।

ਦਿਤਾ ਧਰਮ ਤੋਂ ਵਾਰ ਪਰਵਾਰ ਹੈ ਜੀ ।

ਵਧ ਸਦੀ ਤੋਂ ਜੋ ਸੀ ਗੁਪਤ ਰਹਿਕੇ,

ਕੌਤਕ ਕਰਦਾ ਰਹਿਆ ਅਪਾਰ ਹੈ ਜੀ ।

ਜਾਂਦੀ ਵਾਰ ਗੁਰੁ ਬਾਲਕ ਨੂੰ ਦਰਸ ਦੇ ਕੇ,

ਗੁਰੂ ਗਦੀ ਨੂੰ ਗਿਆ ਸੰਭਾਰ ਹੈ ਜੀ ।

ਰੂਪ ਬਾਰਵਾਂ ਰਾਮ ਸਿੰਘ ਗੁਰੂ ਹੋ ਕੇ,

ਆਇਆ ਜਗ਼ਤ ਦਾ ਕਰਨ ਉਧਾਰ ਹੈ ਜੀ ।

ਭਰਕੇ ਸਿਖੀ ਸੁਰਜੀਤ ਦਸ਼ਮੇਸ਼ ਵਾਲੀ,

ਦੇਸ਼ ਭਗਤੀ ਦਾ ਕੀਤਾ ਪਰਚਾਰ ਹੈ ਜੀ ।

ਜਾ ਪ੍ਰਦੇਸ ਜਿਸਨੇ ਸੰਤ ਖਾਲਸੇ ਲਈ,

ਹੁਕਮ ਭੇਜਿਆ ਇੰਝ ਉਚਾਰ ਹੈ ਜੀ ।

ਮੇਰੇ ਥਾਂ ਬੁਧ ਸਿੰਘ ਸਿਖੀ ਹਰੀ ਰਖੇ,

ਨਾਮ ਹਰੀ ਸਿੰਘ ਰਖਿਆ ਵਿਚਾਰ ਹੈ ਜੀ ।

ਜਾਮਾ ਧਾਰਕੇ ਆਪ ਪ੍ਰਤਾਪ ਗੁਰ ਦਾ,

ਲਾਈ ਪੰਥ ਵਿਚ ਨਵੀ ਬਹਾਰ ਹੈ ਜੀ ।

ਰੂਪ ਗੁਰੂ ਜਗਜੀਤ ਦਾ ਅਜ ਦਿਸਨ,

ਕਰਨ ਸੰਗਤਾਂ ਦੇ ਬੇੜੇ ਪਾਰ ਹੈ ਜੀ ।

ਸੇਵਾਦਾਰ ਹਥ ਜੋੜ ਦਾਤਾਰ ਉਸਨੂੰ,

ਬਾਰ ਬਾਰ ਕਰਦਾ ਨਮਸਕਾਰ ਹੈ ਜੀ ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਵਾਰਤਕ ਵਿੱਚ ਗੁਣ ਹਨ, ਪਰ ਕਵਿਤਾ ਵਿੱਚ ਵਧੇਰੇ ਗੁਣ ਹਨ। ਕਵਿਤਾ ਵਿੱਚ ਵਡੇ ਵਡੇ ਪ੍ਰਸੰਗ ਥੋੜੇ ਸ਼ਬਦਾਂ ਵਿੱਚ ਵਰਨਨ ਕੀਤੇ ਵਧੇਰੇ ਅਸਰਦਾਰ ਅਤੇ ਰਸਕ ਇਕ ਹੁੰਦੇ ਹਨ। ਸੰਤ ਸੇਵਾ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿਨ ਸੇਵਕਾਂ ਵਿੱਚ ਹ ਨ, ਇਨ੍ਹਾਂ ਦੀ ਵਿਦਵਤਾ, ਸੇਵਾ ਤੇ ਲਗਨ ਕਾਰਨ ਗ੍ਰੀਬ ਨਵਾਜ਼ ਜੀ ਇਨਾ ਨੂੰ ਸੂਬੇ ਦੀ ਪਦਵੀ ਦੇ ਸਨਮਾਨਤ ਕੀਤਾ ਹੈ, ਅਤੇ ਇਹ ਵੀ ਇਸੇ ਲਗਨ ਵਿੱਚ ਰਹਿੰਦੇ ਹਨ ਕਿ ਮੇਰੀ ਸੇਵਾ ਨਿਭਦੀ ਜਾਵੇ।

ਸੰਤ ਪ੍ਰਚਾਰਕ ਵੀ ਹਨ ਅਤੇ ਇਨਾ ਦੀ ਜਾਣਕਾਰੀ ਦੇ ਨਾਲ ਉਨਾ ਦੇ ਬੋਲਣ ਅਤੇ ਵਿਆਖਿਆ ਦਾ ਢੰਗ ਕਾਫੀ ਪ੍ਰਭਾਵਸ਼ਾਲੀ ਹੈ। ਮੈਂ ਇਨਾ ਦੇ ਕਈ ਦੀਵਾਨ ਸੁਣੇ ਹਨ, ਜਿਨਾ ਨੇ ਕਈ ਭੁਲੇ ਭਟਕਿਆ ਨੂੰ ਸਿਧੇ ਰਾਹ ਪਾਇਆ।

ਹੁਣ ਇਨਾ "ਪਰਤੱਖ ਸਤਿਗੁਰੂ" ਪ੍ਰਸੰਗਾ ਦੇ ਰੂਪ ਵਿਚ ਪੇਸ਼ ਕੀਤੇ ਵੀ ਹਨ। ਕਵਿਤਾ ਵਿਚ ਜਿਸ ਦਾ ਦਾ ਸਦਕਾ ਉਹ ਪ੍ਰਸੰਗ ਵਧੇਰੇ ਰੋਚਕ ਬਣ ਗਏ ਭਾਵੇ ਸੰਤਾਂ ਦੀ ਇਹ ਪੁਸਤਕ ਕਵਿਤਾ ਦੀ ਪਹਿਲੀ ਰਚਨਾ ਹੈ, ਪਰ ਹੈ, ਰਸ ਦਾ ਇਕ ਤੇ ਲਾਭਕਾਰੀ। ਇਨਾ ਪ੍ਰਸੰਗਾਂ ਨੂੰ ਹਰੇਕ ਬੁਢਾ,

ਬਾਲਾ, ਜੋ ਇਸਤਰੀ ਪੜਕੇ ਸਿਦਕ ਦੇ ਰਸ ਮਾਨਣਗੇ। ਮਹੰਤ ਆਤਮਾ ਸਿੰਘ, ਸੰਪਾਦਕ ਸਤਿਯੁਗ ਨੇ ਇਸ ਨੂੰ ਪੜਵਾਚ, ਤੇ ਸੁਝਾਉ ਦੇਣ ਦੀ ਕਿਰਪਾਲਤਾ ਕੀਤੀ ਹੈ, ਜਿਸ ਨੂੰ ਜਥੇਦਾਰ ਜੀ ਧਨਵਾਦ ਸਹਿਤ ਪ੍ਰਵਾਨ ਕਰਦੇ ਹਨ।

ਮੈਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਸੰਤ ਸੇਵਾ ਸਿੰਘ ਜੀ ਨੂੰ ਹੋਰ ਬੁਧੀ ਤੇ ਬਲ ਬਖਸ਼ਣ ਤਾਂ ਕਿ ਇਹ ਕਵਿਤਾ ਵਿਚੋ ਪ੍ਰਬੀਨ ਹੋ ਸਾਧ ਸੰਗਤ ਦੀ ਸੇਵਾ ਕਰ ਸਕਣ।

ਸਾਧ ਸੰਗਤ ਇਸ ਛੰਦਾ ਬੰਦੀ ਦੀ ਰੋਚਕ ਰਚਨਾਂ ਨੂੰ ਆਪ ਪੜਨ ਤੇ ਦੂਜਹਿਆਂ ਨੂੰ ਪੜਾਉਨ ਤਾਕਿ ਉਹ ਸਿਖ਼ ਇਤਹਾਸ ਤੋਂ ਵਾਕਫ ਹੋ ਸਕਣ।

(ਪੰਥ ਰਤਨ)
ਨਿਹਾਲ ਸਿੰਘ ਮਾਸਟਰ
ਸ੍ਰੀ ਭੈਣੀ ਸਾਹਿਬ

ਕੁਝ ਸ਼ਬਦ

ਸ਼ਬਦਾਂ ਨੂੰ ਚੁਣ ਚੁਣ ਤੇ ਸੰਜੋ ਕੇ ਕਾਵਿ ਮਈ ਹੋ ਜਦੋ ਸੇਵਾਦਾਰ ਸੰਤ ਸੇਵਾ ਸਿੰਘ ਜੀ ਜੋ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਦੇ ਵਰਸਾਏ ਹੋਏ ਸੇਵਾਦਾਰ ਹੀ ਮਹੀਂ ਬਲਕਿ ਸੂਬੇ ਵੀ ਹਨ ਤੇ ਜਥੇਦਾਰ ਪ੍ਰਚਾਰਕ ਵੀ ਇਹ ਜੋ "ਪ੍ਰਤੱਖ ਸਤਿਗੁਰੂ" ਵਖੋ ਵਖਰੇ ਪ੍ਰਸੰਗਾਂ ਤੇ ਆਧਾਰਿਤ ਕਿਤਾਬ ਲਿਖੀ ਹੈ, ਇਹ ਇਨ੍ਹਾਂ ਦਾ ਇਕ ਪ੍ਰਸੰਸਾ ਯੋਗ ਉਦਮ ਹੈ। ਸੰਤ ਸੇਵਾ ਸਿੰਘ ਜੀ ਸੰਤ ਜਗਤ ਸਿੰਘ ਸਦੋਵਾਲ ਦੇ ਹੋਨਹਾਰ ਸਪੁੱਤਰ ਜਿਨ੍ਹਾਂ ਨੇ ਦਿਨੇ ਲਕੜੀ ਦਾ ਕੰਮ ਕਰਨਾ ਤੇ ਰਾਤ ਨੂੰ ਦੀਵਾਨ ਲਾਉਣਾ। ਸ਼ੁਰੂ ਤੋਂ ਹੀ ਕਰੜੀ ਮਿਹਨਤ ਤੇ ਮਿੱਠੇ ਸੁਭਾ ਦੇ ਹੋਣ ਕਰਕੇ ਸ਼੍ਰੀ ਸਤਿਗੁਰੂ ਜੀ ਦੇ ਦਰ ਤੇ ਪ੍ਰਵਾਨਿਤ ਹੋ ਜਥੇਦਾਰ ਬਣ ਗਏ। ਸ੍ਰੀ ਸਤਿਗੁਰੂ ਜੀ ਦੇ ਹਰ ਹੁਕਮ ਨੂੰ ਪ੍ਰਵਾਨ ਕਰਦੇ ਹੋਏ ਸੇਵਾ ਵਿਚ ਜੁਟੇ ਰਹੇ ਭਾਵੇਂ ਕਈ ਵਾਰ ਘਰ ਵਿਚ ਤੰਗੀ ਤੁਰਛੀ ਵੀ ਆਉਂਦੀ ਰਹੀ ਪਰ ਆਪ ਦੀ ਲਗਨ ਤੇ ਸਿਰੜ ਪੁਣੇ ਨੇ ਅਜ ਸਤਿਕਾਰ ਯੋਗ ਥਾਂ "ਸੂਬਾ ਜੀ" ਦੀ ਪਦਵੀ ਨੂੰ ਪਾਲਿਆ ਹੈ। ਹੁਣ ਏਹਨਾ ਜੋ ਪ੍ਰਸੰਗ ਪਰਤੱਖ ਸਤਿਗੁਰੂ ਪੁਸਤਕ ਲਿਖੀ ਹੈ ਜਿਸ ਦੇ ਅਨੰਦ ਦਾ ਪੜ੍ਹਿਆਂ ਹੀ ਪਤਾ ਲਗਦਾ ਹੈ। ਸ੍ਰੀ ਸਤਿਗੁਰੂ ਜੀ ਕ੍ਰਿਪਾ ਕਰਨ ਤੇ ਇਨ੍ਹਾਂ ਦੀ ਇਸ ਸੇਵਾਦਾਰੀ ਨੂੰ ਹੋਰ ਭਾਗ ਲਗਣ।

ਦਲੀਪ ਸਿੰਘ

ਪ੍ਰਧਾਨ

ਸ: ਹਿ: ਨਾ: ਵਿ: ਜੱਥਾ

ਕੁਝ ਵਿਸ਼ੇਸ਼ ਬੈਂਤ

ਭਾਵੇਂ ਲਖਾਂ ਅਮਰੀਕਾ ਦੇ ਉਡਣ ਰਾਕੱਟ,
ਫੁਰਨੇ ਨਾਲੋਂ ਵੀ ਤੇਜ ਰਫਤਾਰ ਹੋਵੇ ।
ਪਰਲੋ ਤੀਕ ਵੀ ਉਡਦੇ ਰਹਿਣ ਭਾਵੇ,
ਸਾਂਇਸਦਾਨਾ ਦੀ ਮਗਰ ਭਰਮਾਰ ਹੋਵੇ ।
ਮੇਰੇ ਦਾਤਿਆ ਆਪ ਦੀ ਖੋਜ ਅੰਦਰ,
ਸੇਵਾਦਾਰ ਬਣ ਜੁਟਾ ਸੰਸਾਰ ਹੋਵੇ ।
ਤੂੰ ਬੇਅਨਤ ਹੈ ਤੇਰੀਆਂ ਕੁਦਰਤਾਂ ਚੋਂ,
ਇਕ ਰਾਈ ਦਾ ਨਾ ਸ਼ੁਮਾਰ ਹੋਵੇ ।

ਪ੍ਰੇਮ

ਪੱਪਾ ਪ੍ਰੇਮ ਨੂੰ ਲਗਦੇ ਢਾਈ ਅੱਖਰ,
ਪਰ ਨਾ ਗਰੰਥਾਂ ਦੇ ਵਿਚ ਸਮਾਂਵਦੇ ਨੇ ।
ਉਚੇ ਪਰਬਤਾਂ ਤੋਂ ਨੀਵੇਂ ਸਾਗਰਾਂ ਤੋਂ,
ਏਹ ਨਾ ਮੀਟਰਾਂ ਤੋਂ ਮਿਣੇ ਜਾਂਵਦੇ ਨੇ ।
ਜਹਿਰੀ ਨਾਗ ਵੀ ਪ੍ਰੇਮ ਦੇ ਵੱਸ ਹੋ ਕੇ,
ਬਿਨਾ ਮੰਤਰਾਂ ਤੋ ਕੀਲਦੇ ਜਾਂਵਦੇ ਨੇ ।
ਸੇਵਾਦਾਰਾ ਓਹ ਪ੍ਰੀਤਮ ਨੂੰ ਜਾ ਮਿਲਦੇ,
ਜੇਹੜੇ ਸੀਸ ਨੂੰ ਤਲੀ ਟਿਕਾਂਵਦੇ ਨੇ ।

ਖੁਸ਼ੀਆਂ

ਖੁਸ਼ੀਆਂ ਸਤਿਗੁਰਾਂ ਦੇ ਦਰ ਵਸਦੀਆਂ ਨੇ,
ਬਿਨਾ ਵਿਤਕਰੇ ਰਹਿੰਦੇ ਵਰਤਾਂਵਦੇ ਨੇ ।
ਜੇਹੀ ਭਾਵਨਾ ਲੈ ਕੋਈ ਦਰ ਆਵੇ,
ਤਿਹਾ ਫਲ ਝੋਲੀ ਉਹਦੀ ਪਾਂਵਦੇ ਨੇ ।
ਉਹਦੀ ਕ੍ਰਿਪਾ ਤੇ ਸਿਖ ਜੇ ਮਾਣ ਕਰ ਬਹੇ,
ਉਹਦੇ ਭਲੇ ਲਈ ਪਿਛੇ ਹਟਾਵੰਦੇ ਨੇ ।
ਸੇਵਾਦਰ ਬਣ ਜਾਏ ਜੇ ਕਰ ਸਿਖ ਮੁੜ ਕੇ,
ਸਤਿਗੁਰ ਫੇਰ ਵੀ ਗਲੇ ਲਗਾਂਵਦੇ ਨੇ ।

ਗਿਆਨ

ਬਿਨਾ ਪ੍ਰੀਖਿਆ ਮਿਲ ਨਾ ਮੂਲ ਡਿਗਰੀ,
ਬਿਨਾ ਸ਼ਿਸ਼ ਨਾਹੀ ਇਮਤਿਹਾਨ ਹੁੰਦਾ ।
ਬਿਨਾ ਰਸਤੇ ਕੋਈ ਮੰਜ਼ਲ ਤੇ ਪਹੁੰਚਦਾ ਨਹੀ,
ਬਿਨਾ ਪਹੁੰਚਿਆ ਨਹੀ ਮਹਿਮਾਨ ਹੁੰਦਾ ।
ਬਿਨਾ ਚੰਦ ਨਾ ਚਾਦਨੀ ਰਾਤ ਹੁੰਦੀ,
ਨਾ ਹੀ ਦਿਨ ਕਦੇ ਬਿਨਾ ਭਾਨ ਹੁੰਦਾ ।
ਸੇਵਾਦਾਰਾ ਪੜੀਏ ਭਾਵੇ ਗਰੰਥ ਲਖਾਂ,
ਬਿਨਾ ਸਤਿਗੁਰੂ ਨਾਹੀ ਗਿਆਨ ਹੁੰਦਾ ।

ਘਰ ਤੇ ਫਕੀਰੀ

ਸੁਖ ਨਹੀ ਜੋ ਆਪਣੇ ਘਰ ਵਰਗਾ,
ਭਾਵੇਂ ਵਿਚ ਪ੍ਰਦੇਸ ਵਜੀਰੀਆਂ ਨੇ ।
ਭੋਜਨ ਛਤੀ ਪ੍ਰਕਾਰ ਪਰਦੇਸ ਦੇ ਕੀਹ,
ਘਰ ਰੁਖੀਆ ਵਿਚ ਅਮੀਰੀਆਂ ਨੇ ।
ਮਿਲਨ ਗਡੀਆਂ ਕਾਰਾਂ ਫਨੈਟ ਭਾਵੇਂ,
ਵਿਚ ਪੈਂਡਿਆਂ ਸਦਾ ਦਿਲਗੀਰੀਆਂ ਨੇ ।
ਸੇਵਾਦਾਰਾ ਓਹ ਘਰ ਨਹੀ ਠੇਹਰ ਸਕਦੇ,
ਲਿਖੀਆਂ ਜਿਨਾ ਦੇ ਮਥੇ ਫਕੀਰੀਆਂ ਨੇ ।

ਸਤਿਗੁਰ ਦੀ ਲੋੜ

ਸਤਿਗੁਰ ਬਿਨਾ ਨਹੀ ਕਿਸੇ ਸਹਾਈ ਹੋਣਾ,
ਮਾਇਆ ਵਿਚ ਅਲਮਾਰੀਆਂ ਪੜੀ ਰਹਿਣੀ ।
ਏਸ ਸੁੰਦਰ ਸਰੀਰ ਦਾ ਮਾਣ ਕਾਦਾ,
ਚਲਦੀ ਨਹੀ ਏਹ ਜਿਸਮ ਦੀ ਘੜੀ ਰਹਿਣੀ ।
ਧੀਆਂ ਪੁਤ ਸੰਨਬੰਧੀ ਨਹੀ ਕੰਮ ਆਊਂਣੇ,
ਬਿਪਤਾ ਵਿਚ ਦਰਗਾਹ ਦੇ ਬੜੀ ਰਹਿਣੀ ।
ਸੇਵਾਦਾਰਾ ਸਤਿਗੁਰਾਂ ਦੇ ਚਰਨ ਫੜ ਲੈ,
ਨਹੀ ਏਹ ਬਾਂਹ ਦੀਵਾਨ ਵਿਚ ਖੜੀ ਰਹਿਣੀ ।

ਜੋਗਾ ਸਿੰਘ

ਦਰਸ਼ਨ ਕਰਨ ਪਸ਼ੌਰ ਦੀ ਆਈ ਸੰਗਤ,
ਸੋਹਣਾ ਬਾਲ ਇਕ ਓਹਨਾ ਵਿਚ ਆਂਵਦਾ ਏ ।
ਬਾਜਾਂ ਵਾਲੇ ਦਾ ਲਗਾ ਦਰਬਾਰ ਸੋਹਣਾ,
ਹਰ ਇੱਕ ਦੇ ਮਨ ਨੂੰ ਭਾਂਵਦਾ ਏ ।
ਸੰਗਤ ਵਾਰਨੇ ਗੁਰਾਂ ਤੋਂ ਜਾਂਵਦੀ ਏ,
ਸੋਹਣਾ ਬਾਲ ਵੀ ਸੀਸ ਝੁਕਾਂਵਦਾ ਏ ।
ਬਾਲਕ ਸੇਵਾ ਪਿਆਰ ਦੇ ਨਾਲ ਕਰਦਾ,
ਹਰ ਇਕ ਮਨ ਨੂੰ ਪਿਆ ਲੁਭਾਂਵਦਾ ਏ ।
ਸੇਵਾ ਭਾਵਨਾ ਬਾਲਕ ਦੀ ਵੇਖ ਕੇ ਤੇ,
ਬਾਜਾਂ ਵਾਲਾ ਸਦਕੜੇ ਜਾਂਵਦਾ ਏ ।
ਇਕ ਦਿਨ ਬੜੇ ਪਿਆਰ ਦੇ ਵਿਚ ਆਕੇ,
ਓਸ ਬਾਲਕ ਨੂੰ ਪਾਸ ਬੁਲਾਵਦਾ ਏ ।
ਤੇਰਾ ਨਾਮ ਕੀਹ ਏ ਮੈਨੂੰ ਦਸ ਕਾਕਾ,
ਮੇਹਰਾਂ ਵਾਲੜਾ ਮੇਹਰਾਂ ਵਿਚ ਆਂਵਦਾ ਏ ।
ਜੋਗਾ ਨਾਮ ਮੇਰਾ ਸਚੇ ਪਾਤਸ਼ਾਹਾ ਜੀ,
ਸੇਵਾਦਾਰ ਓਹ ਬਾਲਕ ਬਤਾਂਵਦਾ ਏ ।

ਕਬਿੱਤ : ਸਚਮੁਚ ਜੋਗਾ ਤੂੰ ਜੇ ਦਸ ਫੇਰ ਕਿਦੇ ਜੋਗਾ,
ਬੜੇ ਲਾਡ ਨਾਲ ਗੁਰੂ ਪੁਛਦੇ ਬਾਲ ਨੂੰ ।
ਤੁਸਾਂ ਜੋਗਾ ਪਾਤਸ਼ਾਹਾ ਮੈਂ ਹੋਰ ਨਹੀ ਕਿਸੇ ਜੋਗਾ,
ਹੱਸ ਉਸ ਕਿਹਾ ਅਗੋਂ ਦੀਨ ਕੇ ਦਿਆਲ ਨੂੰ ।
ਕਿਨੇ ਭਾਗਾ ਵਾਲਾ ਹੁਣ ਹੋ ਗਿਆ ਓਹ ਬਾਲ ਵੇਖੋ,
ਜਿਦੇ ਉਤੇ ਖੁਸ਼ੀ ਅਜ ਆ ਗਈ ਏ ਗੁਪਾਲ ਨੂੰ ।

ਗੁਰੂ ਕੀਆਂ ਖੁਸ਼ੀਆ ਨਾ ਜਿਨਾ ਦਾ ਏ ਮੁਲ ਕੋਈ,

ਸੇਵਾਦਾਰਾ ਮਿਲ ਰਹੀਆਂ ਨਿਕੇ ਜਿਹੇ ਲਾਲ ਨੂੰ ।

ਤੂੰ ਕਾਕਾ ਮੇਰੇ ਜੋਗਾ ਮੈਂ ਵੀ ਹੋਇਆ ਤੇਰੇ ਜੋਗਾ,

ਬਾਜਾਂ ਵਾਲੇ ਗੁਰੂ ਕਹਿਆ ਸੰਗਤ ਨੂੰ ਸੁਣਾਏ ਕੇ ।

ਜੇਹੜਾ ਹੋਵੇ ਗੁਰੂ ਜੋਗਾ ਗੁਰੂ ਹੁੰਦੈ ਓਹਦੇ ਜੋਗਾ,

ਸੇਵਾਦਾਰ ਤਾਈ ਓਹਨਾ ਕਿਹਾ ਸਮਝਾਏ ਕੇ ।

ਮੰਜ਼ਲ ਦੁਰੇਡੀ ਅਤੇ ਉਮਰ ਛੁਟੇਰੀ ਤੇਰੀ,

ਜੋਗ ਨੂੰ ਕਮਾਉਣਾ ਪਈਦੇ ਸੀਸ ਨੂੰ ਲਗਾਏ ਕੇ ।

ਬੇਲਿਆਂ ਨੂੰ ਚੀਰ, ਕਚੇ ਘੜੇ ਉਤੇ ਠਿਲ ਪੈਣਾ,

ਪਰਤਨਾਨ ਪਿਛੇ ਗਲੀ ਯਾਰੜ ਦੀ ਜਾਏ ਕੇ ।

ਬੈਂਤ : ਸਚੇ ਪਾਤਸ਼ਾਹਾ ਹੋਇਆ ਹਾਂ ਆਪ ਜੋਗਾ,

ਜਿਵੇਂ ਕਰੋਗੇ ਹੁਕਮ ਕਮਾਵਾਂਗਾ ਮੈਂ ।

ਮੇਰੇ ਪਏ ਪਸੀਨੇ ਦੀ ਲੋੜ ਜੇ ਕਰ,

ਸਚੇ ਪਾਤਸ਼ਾਹਾਂ ਖੂਨ ਬਹਾਂਵਾਂ ਗਾ ਮੈਂ ।

ਬੇਸ਼ਕ ਬਾਲ ਹਾਂ ਅਜੇ ਨਿਦਾਨ ਛੋਟਾ,

ਸੇਵਾਦਾਰ ਬਣ ਸੇਵਾ ਨਿਭਾਵਾਂਗਾ ਮੈਂ ।

ਤੋਲ ਵੇਖਿਓ ਸਿਦਕ ਦੀ ਤਕੜੀ ਤੇ,

ਪੂਰੇ ਤੋਲ ਉਤੇ ਤੁਲ ਜਾਂਵਾਂਗਾ ਮੈਂ ।

ਏਥੋ ਰੈਹ ਪਿਆ ਹੁਣ ਏਹ ਗੁਰਾਂ ਜੋਗਾ,

ਸੇਵਾ ਗੁਰਾਂ ਦੀ ਬਹੁਤ ਕਮਾਂਵਦਾ ਏ ।

ਲੰਗਰ ਕਰੇ ਤੇ ਗੁਰਾਂ ਦਾ ਢੋਏ ਪਾਣੀ,

ਬਰਤਨ ਮਾਂਜਦਾ ਨਾ ਅਕਾਂਵਦਾ ਏ ।

ਹੁਕਮ ਵਿਚ ਰਹਿੰਦਾ ਹਰ ਦਮ ਹਾਜ਼ਰ,

ਜਿਧਰ ਹੁਕਮ ਕਰਦੇ ਉਦਰ ਜਾਂਵਦਾ ਏ ।

ਸਮਾ ਪਾ ਕੇ ਹੋ ਜਵਾਨ ਗਿਆ,

ਪੱਤਰ ਮਾਪਿਆਂ ਦਾ ਘਰੋਂ ਆਂਵਦਾ ਏ.

ਚਿਠੀ ਵਾਚਕੇ ਤੇ ਸਚੇ ਪਾਤਸ਼ਾਹ ਜੀ,

ਜੋਗਾ ਸਿੰਘ ਨੂੰ ਪਾਸ ਬੁਲਾਵਦੇ ਨੇ ।

ਇਹ ਆਈ ਚਿਠੀ ਤੇਰੇ ਮਾਪਿਆਂ ਦੀ,

ਤੇਰੇ ਵਿਆਹ ਲਈ ਤੈਨੂੰ ਬੁਲਾਵਦੇ ਨੇ ।

ਮੇਰੇ ਜੋਗਿਆ ਤੇਰੀ ਹੈ ਕੀਹ ਮਰਜੀ,

ਸਚੇ ਪਾਤਸ਼ਾਹਾ ਮੁਖੋਂ ਫਰਮਾਂਵਦੇ ਨੇ ।

ਵਣ ਜਣ ਲਗਿਆ ਜਿਵੇਂ ਸਰਾਫ ਫੜਕੇ,

ਖੋਟੇ ਖਰੇ ਨੂੰ ਪਏ ਟਣਕਾਂਵਦੇ ਨੇ ।

ਸਚੇ ਪਾਸ਼ਤਹ ਮੈਂ ਹਾਂ ਆਪ ਜੋਗਾ,

ਮੇਰੀ ਮਰਜੀ ਹੈ ਤੇਰੀ ਰਜ਼ਾ ਅੰਦਰ ।

ਖੁਸ਼ੀ ਆਪ ਦੀ ਵਿਚ ਹੈ ਖੁਸ਼ੀ ਮੇਰੀ,

ਮੈਨੂੰ ਖੁਸ਼ੀ ਨਹੀ ਕੋਈ ਵਿਆਹ ਅੰਦਰ ।

ਚੰਗਾ ਜਾਹ ਤੇ ਪਰਤ ਕੇ ਆਈ ਛੇਤੀ,

ਠੰਢ ਮਾਪਿਆ ਦੇ ਜਾਕੇ ਪਾ ਅੰਦਰ ।

ਬੜੀ ਮਾਪਿਆ ਤਾਈ ਉਡੀਕ ਤੇਰੀ,

ਥੋੜੇ ਦਿਨ ਰਹਿੰਦੇ ਤੇਰੇ ਸਾਹ ਅੰਦਰ ।

ਕਬਿਤ : ਗੁਰਾਂ ਕੋਲੋਂ ਖੁਸ਼ੀ ਲੈ ਕੇ ਖੁਸ਼ੀ ਖੁਸ਼ੀ ਘਰ ਆਇਆ,
ਘਰ ਬਾਹਰ ਖੁਸ਼ੀ ਹੋਈ ਸਭ ਪ੍ਰਵਾਰ ਨੂੰ ।
ਮਿਲ ਗਿਆ ਸਾਹ ਤੇ ਵਿਆਹ ਦਾ ਅਰੰਭ ਹੋਇਆ,
ਸਬੰਧੀਆਂ ਨੂੰ ਪਤਾ ਦਿਤਾ ਭੇਜ ਕੇ ਕਹਾਰ ਨੂੰ ।
ਆਏ ਸਨਬੰਧੀ ਸਭ ਜੰਞ ਦੀ ਤਿਆਰੀ ਹੋਈ,
ਸਗਨਾ ਦੇ ਨਾਲ ਤੁਰ ਪਏ ਨੇ ਵਿਹਾਰ ਨੂੰ ।
ਸੇਵਾਦਾਰਾ ਚੋਜ ਨੇ ਨਿਆਰੇ ਸਚੇ ਪਾਤਸ਼ਾਹਾ ਦੇ,
ਵੇਖ ਅਗੇ ਭਉਂਦਾ ਕੀਹ ਹੈ ਸਚੀ ਸਰਕਾਰ ਨੂੰ ।
ਚਿਠੀ ਦੇ ਕੇ ਗੁਰਾਂ ਇਕ ਸਿਖ ਤਾਈ ਭੇਜ ਦਿਤਾ,
ਨਾਲੇ ਪੱਕੀ ਕੀਤੀ ਕਿਤੇ ਦੇਰ ਨਾ ਲਗਾਵਣੀ ।
ਕੰਮ ਹੁਸ਼ਿਆਰੀ ਦਾ ਹੈ ਰਹੀ ਹੁਸ਼ਿਆਰ ਹੋ ਕੇ,
ਰਖੀਂ ਵੀ ਸੰਭਾਲ ਕੇ ਏਹ ਚਿਠੀ ਨਾ ਗਵਾਂਵਣੀ ।
ਪੜਦੇ ਚ ਰਖੀ ਨਾ ਬਤਾਂਈ ਗਲ ਹੋਰ ਤਾਂਈ,
ਗਲਤੀ ਦੇ ਨਾਲ ਵੀ ਨਾ ਕਿਸੇ ਨੂੰ ਸੁਣਾਵਣੀ ।
ਤਿਨ ਲਾਂਵਾਂ ਜੋਗਾ ਸਿੰਘ ਲਵੇ ਜਦੋ ਸੇਵਾਦਾਰਾ,
ਖੋਲ ਕੇ ਤੇ ਚਿਠੀ ਉਹਦੇ ਹਥ ਚ ਫੜਾਵਣੀ ।

ਭਾਂਡਾ ਜਿਵੇਂ ਘੁਮਿਆਰ ਤਿਆਰ ਕਰਕੇ,
ਪਹਿਲਾ ਆਵੀ ਦੇ ਵਿਚ ਚੜ੍ਹਾਂਵਦਾ ਏ ।
ਐਨ ਪਕ ਕੇ ਜਦੋਂ ਤਿਆਰ ਹੋ ਜਾਏ,
ਠੂੰਗਾ ਮਾਰ ਕੇ ਫੇਰ ਖੜਕਾਂਵਦਾ ਏ ।
ਜੇ ਕਰ ਉਤਰੇ ਪਰਖ ਦੇ ਵਿਚ ਪੂਰਾ,
ਤਾਂ ਫਿਰ ਮੁਲ ਬਜਾਰ ਵਿਚ ਪਾਂਵਦਾ ਏ ।
ਸੇਵਾਦਾਰਾ ਗੁਰ ਸਿਖ ਦੀ ਪਰਖ ਬਦਲੇ,
ਪਰਚਾ ਸਤਿਗੁਰੂ ਵੀ ਅਉਖਾ ਪਾਂਵਦਾ ਏ ।

ਮੇਲ ਹੋਇਕਾ ਧੋਤਿਆਂ ਭਤੇਇਆਂ ਦਾ ਆਣ ਕੇ ਤੇ,
ਦੂਹਾਂ ਧਿਰਾਂ ਖੁਸ਼ੀਆ ਮਨਾਈਆਂ ਬੇਸ਼ੁਮਾਰ ਨੇ ।
ਜਾਂਜੀਆਂ ਦੀ ਸੇਵਾ ਕੀਤੀ ਮਾਂਜੀਆਂ ਨੇ ਰਜ ਰਜ,
ਪਦਾਰਥ ਛਕਾਏ ਕਈ ਕਰ ਕੇ ਤਿਆਰ ਨੇ ।
ਮੁੰਡਾ ਬੜੇ ਭਾਗਾ ਵਾਲਾ ਕਹਿਣ ਸਬੰਧੀ ਸਾਰੇ,
ਬਾਜਾਂ ਵਾਲੇ ਜਿਦੇ ਨਾਲ ਕਰਦੇ ਪਿਆਰ ਨੇ ।
ਭਾਗਾਂ ਵਾਲੀ ਕੁੜੀ ਜੀਹਨੂ ਇਹੋ ਜਿਹਾ ਵਰ ਲਭਾ,
ਜੋਗੇ ਨੂੰ ਸਲਾਹਿਆ ਅਜ ਸਭ ਨਰ ਨਾਰ ਨੇ ।
ਪਾਦਿਆਂ ਸਵੇਰੇ ਬੇਦੀ ਗੱਡ ਕੇ ਹਵਨ ਕੀਤਾ,
ਮੰਤਰਾਂ ਦੇ ਨਾਲ ਫੇਰੇ ਰਹੇ ਨੇ ਕਰਾ ਜੀ ।
ਇਕ ਲਾਂਵ ਆਈ ਫੇਰ ਦੂਸਰੀ ਵੀ ਲਈ ਲਾਂਵ,
ਤੀਸਰੀ ਵੀ ਲਾਂਵ ਜਿਸ ਸਮੇ ਗਈ ਆ ਜੀ ।
ਫੁਰਤੀ ਦੇ ਨਾਲ ਉਸ ਬੈਠੀ ਹੋਏ ਸਿਖ ਕੋਲ,
ਸਤਿਗੁਰਾਂ ਦੀ ਚਿਠੀ ਦਿਤੀ ਖੋਲ ਕੇ ਫੜਾ ਜੀ ।
ਧੰਨ ਮੇਰੇ ਭਾਗ ਮੈਨੂੰ ਸਤਿਗੁਰਾਂ ਯਾਦ ਕੀਤਾ,
ਚਿਠੀ ਪੜ੍ਹ ਜੋਗੇ ਲਿਆ ਸੀਸ ਵੀ ਝੁਕਾ ਜੀ ।

ਛਡ ਲੜ ਲਾੜੀ ਦਾ ਤੇ ਬੜੀ ਹੁਸਿਆਰੀ ਨਾਲ,
ਗੁਰਾਂ ਜੋਗੇ ਗੁਰਾਂ ਵਲ ਕਰ ਲਈ ਤਿਆਰੀ ਏ ।
ਸਾਂਪਿਆ ਦੇ ਰੋਕਿਆ ਤੇ ਟੋਕਿਆ ਵੀ ਸਾਰਿਆਂ ਨੇ,
ਇਕ ਲਾਂਵ ਲੈ ਲੈ ਕਾਹਨੂੰ ਮਤ ਤੇਰੀ ਮਾਰੀ ਏ ।
ਘਰ ਕੀਹ ਲੈ ਜਾਈਏ ਹਾਂ ਵਿਆਉਣ ਆਏ ਬਚਿਆ ਵੇ,
ਇਕ ਲਾਂਵ ਬਿਨਾ ਕੁੜੀ ਵਿਆਹੀ ਨਾ ਕੁਆਰੀ ਏ ।
ਇਕ ਪਲ ਰੁਕ ਜਾਵਾਂ ਰੀਤ ਨਾ ਪ੍ਰੀਤ ਦੀ ਏ,
ਸੇਵਾਦਾਰਾ ਜੋਗੇ ਗਲ ਨੀਤੀ ਦੀ ਉਚਾਰੀ ਏ ।

ਕਬਿਤ : ਛਡੋ ਛਡੋ ਹਟੋ ਹੁਣ ਜਾਣ ਦਿਓ ਮੈਨੂੰ ਤੁਸੀਂ,
ਲਿਖਿਆ ਹੈ ਗੁਰਾਂ ਕੰਮ ਬਹੁਤ ਹੀ ਜਰੂਰੀ ਏ ।
ਵਿਚੇ ਕੰਮ ਛਡ ਕੇ ਤੂੰ ਆ ਜਾ ਮੇਰੇ ਜੋਗਿਆ ਵੇ,
ਤੇਰੇ ਬਿਨਾ ਏਥੇ ਅਜ ਬਹੁਤ ਮਜਬੂਰੀ ਏ ।
ਛਡਦਿਆਂ ਮਾਪਿਆ ਤੇ ਸਹੁਰਿਆਂ ਨੂੰ ਬੇਸ਼ਕ,
ਗੁਰਾਂ ਤੋਂ ਬਗੈਰ ਮੇਰੀ ਜਿੰਦਗੀ ਅਧੂਰੀ ਏ ।

ਰੋਕਿਆ ਨਾ ਰੁਕਿਆ ਓਹ ਠਿਲ ਪਿਆ ਗੁਰਾਂ ਵਲ,
ਗੁਰਾਂ ਦੇ ਪਿਆਰ ਵਾਲੀ ਚੜ ਰਹੀ ਸਰੂਰੀ ਏ ।
ਰਵਾਂ ਰਵੀਂ ਤੁਰਿਆ ਗੁਰਾਂ ਵਲ ਜੋਗਾ,
ਨਾਲੇ ਮਨ ਦੇ ਵਿਚ ਵਿਚਾਰ ਦਾ ਏ ।
ਮੇਰੇ ਜਿਹਾ ਨਹੀ ਜੱਗ ਤੇ ਸਿਖ ਕੋਈ,
ਸਾਭੇ ਕੰਮ ਜੋ ਗੁਰੂ ਦਰਬਾਰ ਦਾ ਏ ।
ਓਹਦੀ ਖੁੱਦੀ ਨੇ ਆਣ ਕੇ ਮੱਤ ਮਾਰੀ,
ਚੜਿਆ ਫੂਕ ਕੇ ਤਾਪ ਹੰਕਾਰ ਦਾ ਏ ।
ਮੈਂ ਮੇਰੀ ਵਿਚ ਜੋਗਾ ਗਲਤਾਨ ਹੋਇਆ,
ਭਜਨ ਭੁਲਿਆ ਮਨੋ ਕਰਤਾਰ ਦਾ ਏ ।

ਭਜਾ ਆਊਂਦਾ ਹੰਕਾਰ ਦੇ ਗੀਤ ਗਾਊਂਦਾ,
ਜਦੋ ਪਹੁੰਚ ਹੁਸ਼ਿਆਰ ਪੁਰ ਜਾਂਵਦਾ ਏ ।
ਵੇਖੀ ਵੇਸਵਾ ਨਚਦੀ ਗੀਤ ਗਾਊਂਦੀ,
ਜਦੋਂ ਪੈਰ ਬਜਾਰ ਵਿਚ ਪਾਂਵਦਾ ਏ ।
ਗਿਰਦੇ ਵੇਸਵਾ ਦੇ ਲਗੀ ਭੀੜ ਬਹੁਤੀ,
ਚੁਕ ਅਡੀਆਂ ਪਿਆ ਤਕਾਂਵਦਾ ਏ ।
ਵਿਚੇ ਲਾਂਵ ਇਕ ਛਡ ਕੇ ਅਉਣ ਵਾਲਾ,
ਭੁਲ ਵੇਸਵਾ ਦੇ ਉਤੇ ਜਾਂਵਦਾ ਏ ।

ਕਬਿਤ : ਉਡ ਗਿਆ ਧਰਮ ਸ਼ਰਮ ਸਭ ਖੰਭ ਲਾਕੇ,
ਗੁਰਾਂ ਜੋਗਾ ਵੇਖੋ ਡੁਲ ਪਿਆ ਭਾਗਾਂ ਸੜੀ ਤੇ ।
ਛਤੀ ਪ੍ਰਕਾਰ ਦੇ ਪਦਾਰਥ ਤਿਆਗ ਘਰ,
ਡੁਲ ਪਿਆ ਸਿਖ ਵੇਖੋ ਬੁਸੀ ਹੋਈ ਕੜ੍ਹੀ ਤੇ ।
ਕਾਮ ਦੇ ਬਾਣਾ ਐਸਾ ਆਣ ਕੇ ਬੇਹੋਸ਼ ਕੀਤਾ,
ਰਿਹਾ ਨਾ ਵਿਚਾਰ ਅਜ ਕੋਈ ਲਥੀ ਚੜੀ ਤੇ ।
ਲਭਿਆ ਟਕਾਣਾ ਉਸ ਵੇਸਵਾ ਦਾ ਢੂੰਡ ਕੇ ਤੇ,
ਕਟਣੀ ਹੈ ਰਾਤ ਚਹੁੰਦਾ ਜਾ ਕੇ ਜਿਹਦੀ ਥੜੀ ਤੇ ।

ਕਬਿਤ : ਬਾਜਾਂ ਵਾਲੇ ਚੋਜੀ ਗੁਰੂ ਬੈਠੇ ਹੀ ਅਨੰਦ ਪੁਰ,
ਵੇਖ ਰਹੇ ਨੇ ਸਿਖ ਅਜ ਕਿਵੇਂ ਪਿਆ ਡੋਲਦੈ ।
ਮੇਰੇ ਜੋਗਾ ਹੋ ਕੇ ਸਿਖ ਵੇਸਵਾ ਪਿਆਰ ਵਿਚ,
ਕਾਮ ਵੱਸ ਆ ਕੇ ਅਜ ਕਿਵੇ ਵਿਸ ਘੋਲਦੈ ।
ਸਿਧੀ ਦਸਤਾਰ ਕਛ ਕੜਾ ਕਰਪਾਨ ਪਾ ਕੇ,
ਸਿਖੀ ਦੀ ਮਹਾਨ ਸ਼ਾਨ ਕਿਵੇਂ ਪਿਆ ਰੋਲਦੈ ।
ਜਾਣੀਏ ਨਾ ਦੂਰ ਹੁੰਦੇ ਪਾਤਸ਼ਾਹਾ ਹਜ਼ੂਰ ਸਦਾ,
ਵੇਖਦੇ ਜਰੂਰ ਸਿਖ ਕੇਹੜੀ ਬੋਲੀ ਬੋਲਦੈ ।

ਕਬਿਤ : ਬੀਤੀ ਕੁਝ ਰਾਤ ਗਿਆ ਵੇਸਵਾ ਦਵਾਰ ਉਤੇ,
ਨੇਜਾ ਫੜਹੀ ਅਗੇ ਇਕ ਪਹਿਰੇਦਾਰ ਖੜਾ ਹੈ।
ਪਰਤ ਆਇਆ ਪਿਛੇ ਸੋਚ ਗਿਆ ਹੋਸੀ ਸੇਠ ਕੋਈ,
ਨੌਕਰ ਕਲਾਰ ਗਿਆ ਰੋਅਬ ਜਿਦਾ ਬੜਾ ਹੈ।

ਕੁਝ ਕੁ ਉਡੀਕ ਕੇ ਤੇ ਫੇਰ ਜੋਗੇ ਝਖ ਮਾਰੀ,
ਗਈ ਨਾ ਕੋਈ ਪੇਸ਼ ਪਹਿਰਾ ਓਸੇ ਤਰਾ ਅੜਾ ਹੈ ।
ਫੇਰ ਪਿਛੇ ਮੁੜਿਆ ਤੇ ਝੁਰਿਆ ਵੀ ਬੜਾ ਜੋਗਾ,
ਸਮਝਿਆ ਨਹੀਂ ਮੂਲ ਨਸ਼ਾ ਐਸਾ ਆ ਕੇ ਚੜਾ ਹੈ ।

ਕਬਿਤ : ਤੀਜੀ ਵਾਰੀ ਜੋਗਾ ਜਦੋਂ ਫੇਰ ਗਿਆ ਵੇਸਵਾ ਦੇ,
ਪਹਿਰੇਦਾਰ ਅਗੋਂ ਉਨੂੰ ਚੰਗੀ ਤਰਾਂ ਤਾੜਦਾ ।
ਕੇਹੜਾ ਹੈ ਤੂੰ ਰਾਤ ਫੇਰੇ ਮਾਰਦਾ ਬਜਾਰ ਵਿਚ,
ਛਡਦਾ ਨਹੀ ਖੈਹੜਾ ਜੇੜਾ ਵੇਸਵਾ ਦੇ ਬਾਰ ਦਾ ।
ਸਿਧੀ ਦਸਤਾਰ ਕਛ ਕੜਾ ਕਿਰਪਾਨ ਪਾ ਕੇ,
ਕੰਮ ਕਰੇਂ ਮੂਰਖਾ ਤੂੰ ਠੱਗ ਚੋਰ ਯਾਰ ਦਾ ।
ਸ਼ਕਲੋਂ ਤੇ ਨਿਰਾ ਪੁਰਾ ਗੁਰੂ ਜੋਗਾ ਜਾਪਦਾ ਏਂ,
ਸੇਵਾਦਾਰਾ ਖੋਟਾ ਏਂ ਤੂੰ ਬਹੁਤ ਹੀ ਵਿਹਾਰ ਦਾ ।

ਬੈਂਤ : ਪੈਹਰੇਦਾਰ ਤੋਂ ਖਾ ਕੇ ਝਾੜ ਮੁੜਿਆ,
ਨਸ਼ਾ ਲੈਹ ਗਿਆ ਸਭ ਹੰਕਾਰ ਦਾ ਏ ।
ਦਸ ਦਏ ਨਾ ਕਿਤੇ ਏ ਸਤਿਗੁਰਾਂ ਨੂੰ,
ਡਰਦਾ ਮਨ ਦੇ ਵਿਚ ਵਿਚਾਰਦਾ ਏ ।
ਪਰ ਮੈਂ ਕੌਣ ਹਾਂ ਏਸ ਨੂੰ ਪਤਾ ਕੀਹ ਏ,
ਏਦਾਂ ਸੋਚ ਕੇ ਮਨ ਖਲਾਰਦਾ ਏ ।
ਰਵਾਂ ਰਵੀਂ ਹੁਣ ਤੁਰ ਪਿਆ ਗੁਰਾਂ ਵਲੇ,
ਮਨ ਨੂੰ ਢਊਂਦਾ ਤੇ ਕਦੇ ਉਸਾਰਦਾ ਏ ।

ਅਊਦਾ ਸੋਚਦਾ ਜੋਗਾ ਸਿੰਘ ਕਈ ਸੋਚਾਂ,
ਪਿਆ ਰੇਤ ਦੇ ਮਹਿਲ ਉਸਾਰਦਾ ਏ ।
ਪੈਹਰੂ ਆ ਗਿਆ ਕੰਦੇ ਅਨੰਦ ਪੁਰ ਜੇ,
ਦਰਸ਼ਨ ਕਰਨ ਲਈ ਦਸਮ ਅਵਤਾਰ ਦਾ ਏ ।
ਗਲ ਕਰੇ ਜੇ ਸਤਿਗੁਰਾਂ ਨਾਲ ਮੇਰੀ
ਪੜਦਾ ਖੁੱਲ ਜਾਊ ਮੇਰੇ ਪਿਆਰ ਦਾ ਏ ।
ਪਰ ਮੈ ਕਹਾਂਗਾ ਹੋਇਗਾ ਕੋਈ:
ਐਵੇ ਭੁਲ ਕੇ ਤੈਨੂੰ ਪਤਾਰਦਾ ਏ ।
ਸਤਿਗੁਰ ਕੇਹਣ ਗੇ ਥਾਪੜਾ ਦੇ ਮੈਨੂੰ,
ਮੇਰਾ ਸਿਖ ਕਦੇ ਭੁਲ ਸਕਦਾ ਨਹੀ । –
ਇਕ ਲਾਵ ਵਿਚ ਛਡ ਕੇ ਅਊਣ ਵਾਲਾ,
ਕਦੇ ਵੇਸਵਾ ਦੇ ਡੁਲ ਸਕਦਾ ਨਹੀ ।

ਕਬਿਤ : ਲਗਾ ਸੀ ਦੀਵਾਨ ਜਦੋ ਜੋਗਾ ਸਿੰਘ ਪੁਜਾਆਣ
ਸੰਗਤਾਂ ਚ ਬੈਠੇ ਗੁਰੂ ਸਨ ਸੋਭਾ ਪਾ ਰਹੇ ।
ਮਥਾ ਟੇਕ ਜੋਗਾ ਆਕੇ ਬੈਠ ਗਿਆ ਗੁਰਾਂ ਕੋਲ,
ਚੋਜੀ ਪਾਤਸ਼ਾਹ ਸਨ ਅਗੇ ਊਘਲਾ ਰਹੇ ।
ਪਾਸ ਬੈਠੇ ਸੇਵਕਾਂ ਨੂੰ ਜੋਗਾ ਸਿੰਘ ਪੁਛਦਾ ਏ,
ਸੇਵਾਦਾਰਾ ਦੋਸੋ ਗੁਰੂ ਕਿਵੇ ਅਲਸਾ ਰਹੇ
ਹੋ ਰਿਆ ਥਕੇਵਾਂ ਤੇ ਉਨੀਂਦਰਾ ਹੈ ਕਿਵੇ ਹੋਇਆਂ
ਹੋਇਆਂ ਕਦੇ ਇਸਤਰਾਂਨ ਜਿਸ ਤਰਾਂ ਦਰਸ਼ਾ ਰਹੇ ।

ਜੋਗੇ ਦੀਆਂ ਗਲਾ ਇਹ ਸੁਣ ਦਸਮੇਸ਼ ਪਿਤਾ,

ਸੰਗਤ ਦੇ ਵਿਚ ਇੰਝ ਬਚਨ ਉਚਾਰਦਾ ।

ਜੋਗਾ ਸਿੰਘਾ ਠੀਕ ਹੈ ਤੂ ਮੰਨਕੇ ਹੁਕਮ ਮੇਰਾ,

ਚੋਥੀ ਲਾਂਵ ਛਡੀ ਤਜ ਮੋਹ ਪਰਵਾਰ ਦਾ ।

ਰਸਤੇ ਚ ਆਣ ਤੈਨੂੰ ਕਰਨੀ ਉਹ ਯਾਦਕਰ,

ਚੁਭ ਗਿਆ ਕੰਡਾ ਹੈਸੀ ਕਾਮ ਦੇ ਵਿਕਾਰਦਾ ।

ਭਾਂਵੇ ਹੋਰ ਕੰਮ ਕੋਈ ਮੇਰੇ ਕੋਲੋਂ ਲੈ ਲੈਦੇਂ,

ਕੰਜਰਾਂ ਦੇ ਦਰ ਅਗੇ ਮੈਨੂੰ ਨ ਖਲਾਰਦਾ ।

ਗਲ ਪਾ ਪਲਾ ਹਥ ਜੋੜ ਜੋਗਾ,

ਕਹਿੰਦਾ ਬਖਸ਼ ਲੋ ਹੇ ਬਖਸ਼ਨ ਹਾਰ ਸਤਿਗੁਰ ।

ਬਾਹੋਂ ਫੜ ਕੇ ਆਪ ਨੇ ਰਖ ਲੀਤਾ,

ਮੈ ਡੁਬਿਆ ਸਾ ਮੰਝਧਾਰ ਸਤਿਗੁਰ ।

ਗੁਰੂ ਤੇਰੇ ਜੋਗਾ ਕਹਿਆ ਆਪ ਨੇ ਜੋ,

ਪੂਰਾ ਕੀਤਾ ਉਹ ਸੁਖਨ ਇਕਰਾਰ ਸਤਿਗੁਰ ।

ਮੇਰੀ ਭੁਲ ਨੂੰ ਮੂਲ ਚਿਤਾਹਿਆ ਨਾ,

ਚਰਨੀ ਲਾਲਿਆ ਫਿਰ ਸੇਵਾਦਾਰ ਸਤਿਗੁਰ ।

ਸੰਪੂਰਨ

ਧੰਨ ਗੁਰੂ ਗੋਬਿੰਦ ਸਿਘ ਜੀ

ਨਦੇੜੋ ਬਾਦ ਸ੍ਰੀ ਦਸਮੇਸ਼ ਜੀ

ਬੈਂਤ : ਨਦੇੜੋਂ ਬੰਦੇ ਨੂੰ ਦੇ ਕੇ ਭਜਨ ਸਤਿਗੁਰ,
ਜਦੋਂ ਵਲ ਪੰਜਾਬ ਦੇ ਤੋਰਿਆਂ ਸੀ ।
ਬੰਦੇ ਆ ਪੰਜਾਬ ਜਦ ਜਾਲਮਾ ਨੂੰ,
ਵਾਂਗ ਨਿੰਬੂਆ ਜਦੋ ਨਚੋੜਿਆ ਸੀ ।
ਤੋਬਾ ਤੋਬਾ ਸੂਬੇ ਸਬ ਕਰ ਓਠੇ,
ਸਾਹਿਬ ਜਾਦਿਆ ਦਾ ਬਦਲਾ ਮੋੜਿਆ ਸੀ ।
ਮੁਗਲ ਰਾਜ ਵਿਚ ਪਾ ਤੜਫਲ ਦਿਤਾ,
ਬਹਾਦਰ ਸ਼ਾਹ ਨੂੰ ਚਿੰਤਾ ਵਿਚ ਬੋੜਿਆ ਸੀ ।

ਬੈਂਤ : ਸੋਚਾਂ ਵਿਚ ਪੈ ਮੁਗਲ ਸਰਕਾਰ ਗਈ,
ਹੁਣ ਕਿਸਪਰਾਂ ਬਣਤ ਬਣਾਈ ਜਾਵੇ ।
ਗੁਰੂ ਬੰਦੇ ਨੂੰ ਭੇਜਿਆ ਦੇ ਸਿਖਿਆ,
ਮੁਗਲ ਰਾਜ ਦੀ ਕੀਤੀ ਤਬਾਹੀ ਜਾਵੇ ।
ਲੜਿਆ ਗੁਰੂ ਨਾਲ ਜਾਣੀ ਨਹੀਂ ਪੇਸ਼ ਕੋਈ,
ਕੋਜੀ ਚਾਲ ਹੀ ਕੋਈ ਚਲਾਈ ਜਾਵੇ ।

ਕਰੋ ਢੰਗ ਕੋਈ ਜਿਵੇਂ ਵੀ ਹੋ ਸਕੇ,
ਏਸ ਗੁਰੂ ਦੀ ਅਲਖ ਮੁਕਾਈ ਜਾਵੇ ।
ਦੋ ਪਠਾਣਾਂ ਨੂੰ ਗਲ ਸਮਝਾਈ ਸਾਰੀ,
ਤੁਸੀ ਗੁਰੂ ਨਾਲ ਦੋਸਤੀ ਪਾਓ ਜਾ ਕੇ ।
ਭੇਤ ਆਪਣਾ ਕਿਸੇ ਨੂੰ ਦੇਵਣਾਂ ਨਹੀਂ,
ਭੇਤ ਗੁਰੂ ਦਾ ਸਾਰਾਂ ਲਿਆਓ ਜਾ ਕੇ ।
ਸਦਾ ਨਾਲ ਹਲੀਮੀ ਸਲਾਮ ਕਰਨੀ,
ਰਖਣਾ ਯਾਦ ਵੀ ਅਪਣਾ ਦਾਓ ਜਾ ਕੇ ।
ਸਮਾ ਤਾੜ ਕਟਾਰ ਦਾ ਵਾਰ ਕਰ ਕੇ,
ਅਲਖ ਗੁਰੂ ਦੀ ਤੁਸੀ ਮਿਟਾਓ ਜਾ ਕੇ ।
ਸੇਵਾਦਾਂਰਾ ਪਠਾਣ ਨੇ ਸਮਾਂ ਪਾਕੇ,
ਛੁਰੇ ਨਾਲ ਕੀਤਾ ਵਖੀ ਘਾਓ ਜਾਕੇ ।

ਬੈਂਤ : ਮੁਗਲ ਰਾਜ ਦੀ ਚਲ ਗਈ ਚਾਲ ਭੇੜੀ,
ਛੁਰਾ ਵੱਖੀ ਦਸ਼ਮੇਸ਼ ਦੀ ਮਾਰਿਆ ਸੀ ।
ਜਖਮ ਹੋ ਗਿਆ ਠੀਕ ਇਲਾਜ ਹੋਇਆ,
ਸਭ ਸੰਗਤਾਂ ਸ਼ੁਕਰ ਗੁਜ਼ਾਰਿਆਂ ਸੀ ।
ਨਵਾਂ ਖੇਲ ਫਿਰ ਸਤਿਗੁਰਾਂ ਕਰਨ ਦੇ ਲਈ,
ਦਯਾ ਸਿੰਘ ਨੂੰ ਪਾਸ ਬੈਠਾ ਲਿਆ ਸੀ ।
ਰਹਿੰਦਾ ਕੰਮ ਕਰਨਾ ਹੈ ਮੈ ਗੁਪਤ ਹੋ ਕੇ,
ਦਯਾ ਸਿੰਘ ਨੂੰ ਗੁਰਾਂ ਪੁਕਾਰਿਆਂ ਸੀ ।

ਕਬਿਤ : ਦਯਾਂ ਸਿੰਘ ਤਾਂਈ ਗੁਰੂ ਬਾਜਾਂ ਵਾਲੇ ਕੇਹਣ ਲਗੇ
ਪਰਲੋਕ ਦਾ ਭੁਲੇਖਾ ਦੇ ਕੇ ਭੇਸ ਮੈ ਵਟਾਂਵਾਂਗਾ ।
ਧਰਮ ਨੂੰ ਉਬਾਰਨਾ ਤੇ ਜੁਲਮ ਨੂੰ ਪਛਾੜਨਾ ਏ,
ਏਸ ਮੁਗਲ ਰਾਜ ਦੀ ਮੈਂ ਅੱਖੀ ਘਟਾ ਪਾਵਾਂਗਾ ।
ਛੁਪਾ ਕੇ ਰਖੀਂ ਭੇਤ ਅਤੇ ਖਾਲਸੇ ਨੂੰ ਧੀਰ ਦੇਵੀਂ,
ਚਲ ਕੇ ਮੈਂ ਆਪ ਜਦੋਂ ਚਿਖਾ ਵਲ ਜਾਵਾਂਗਾ ।
ਪਿਠ ਦੇ ਕੇ ਦੂਰ ਬਹਿਣਾ ਵੇਖਣਾਂ ਨਹੀਂ ਮੇਰੇ ਵਲ,
ਸੇਵਾਦਾਰਾ ਚਿਖਾ ਨੂੰ ਜਾ ਅਗ ਆਪੇ ਲਾਵਾਂਗਾ ।

ਕਬਿਤ : ਹੋ ਗਏ ਜਾਂ ਅਲੋਪ ਗੁਰੂ ਚਿਖਾ ਨੂੰ ਲਗਾ ਕੇ ਅੱਗ,
ਕਰ ਦਿਤਾ ਸ਼ੁਰੂ ਸਿੱਖਾਂ ਰੋਣਾ ਕੁਰਲਾਂਵਣਾ ।
ਲੈ ਕੇ ਜਿਉਂ ਪੰਜਾਬੋਂ ਆਏ ਕਿਉਂ ਨਹੀਂ ਨਾਲ ਲੈ ਕੇ ਗਏ,
ਸਤਿਗੁਰੂ ਬਿਨਾ ਸਾਨੂੰ ਜੀਵਨ ਨ ਭਾਵਣਾ ।
ਮਾਲੀ ਬਿਨਾ ਬਾਗ਼ ਸੁਕੇ ਪਾਲੀ ਬਿਨਾ ਇਜੱੜ ਮੁਕੇ,
ਪੰਥ ਬੇੜਾ ਗੁਰੂ ਮਲਾਹ ਬਿਨਾ ਡੁਬ ਜਾਂਵਣਾ ।
ਲੜ ਲਾ ਕੇ ਹੋਰ ਦੇ ਫੜਾ ਕੇ ਸਾਨੂੰ ਬਾਂਹ ਜਾਂਦੇ,
ਪੈ ਗਿਆ ਜਰੂਰੀ ਸਚੇ ਪਾਤਸ਼ਾਹਾ ਜੇ ਜਾਂਵਣਾ ।

ਕਬਿਤ : ਦਯਾ ਸਿੰਘ ਦੇ ਰਿਹਾ ਦਲੇਰੀਆਂ ਹੈ ਖਾਲਸੇ ਨੂੰ,
ਸਦਾ ਉਹਦੇ ਹੁਕਮ ਵਿਚ ਸ਼ੁਕਰ ਮਨਾਈ ਦਾ ।

ਪਾਰਬ੍ਰਹਮ ਅਤੇ ਗੁਰੂ ਵਿਚ ਨਹੀ ਕੋਈ ਭੇਦ ਹੁੰਦਾ,
ਕੀਤੇ ਓਹਦੇ ਕੰਮ ਉਤੇ ਨਹੀਂ ਪਛਤਾਈ ਦਾ ।
ਗਮਗੀਨ ਹੋਏ ਸਿਖ ਆਖਦੇ ਨੇ ਦਯਾ ਸਿੰਘ,
ਏਹੋ ਜਿਹਾ ਤੇਰਾ ਸਾਨੂੰ ਗਿਆਨ ਨਹੀਂ ਚਾਹੀਦਾ ।
ਏਨੇ ਨੂੰ ਪੰਜਾਬੋਂ ਚਾਰ ਸਾਧ ਆਣ ਕਹਿਣ ਲਗੇ,
ਖਾਲਸਾ ਜੀ ਦਸੋ ਕੇਹੜੀ ਗਲੋਂ ਘਬਰਾਈ ਦਾ ।

ਬੈਂਤ : ਸਿਖਾਂ ਆਖਿਆ ਸਾਡਾ ਨਹੀਂ ਰਿਹਾ ਕੁਝ ਵੀ,
ਸਤਿਗੁਰ ਸਦਾ ਲਈ ਸਾਨੂੰ ਵਿਛੋੜ ਗਏ ਨੇ ।
ਦਸੀ ਗਲ ਕੋਈ ਅਗੋਂ ਨਹੀ ਸਤਿਗੁਰਾਂ ਨੇ,
ਮੰਝਧਾਰ ਅੰਦਰ ਬੇੜੀ ਬੋੜ ਗਏ ਨੇ ।
ਕਰੀਏ ਕੀ, ਨਾ ਜਾਂਦੀ ਏ ਪੇਸ਼ ਕੋਈ,
ਬੇ ਸਹਾਰੇ ਹੀ ਅਸਾਂ ਨੂੰ ਛੋੜ ਗਏ ਨੇ ।
ਬਿਨ ਸਤਿਗੁਰਾ ਘੁਪ ਹਨੇਰ ਦਿਸੇ,
ਖੌਰੇ ਮੁੱਖ ਕਿਉਂ ਅਸਾਂ ਤੋਂ ਮੋੜ ਗਏ ਨੇ ।

ਬੈਂਤ : ਸਾਧਾਂ ਆਖਿਆ ਕੂੜ ਸਭ ਆਖਦੇਓ,
ਅਸੀਂ ਹੁਣੇ ਹੀ ਕਰ ਦੀਦਾਰ ਆਏ ।
ਘੋੜੇ ਉਤੇ ਅਸਵਾਰ ਹੋ ਜਾ ਰਹੇ ਸਨ,
ਲੈ ਕੇ ਗੁਰਾਂ ਤੋਂ ਅਸੀ ਪਿਆਰ ਆਏ ।
ਚਿੰਤਾ ਕਰੋ ਨਾ ਹੈ ਕੋਈ ਚੋਜ ਉਸ ਦਾ,
ਕਹਿਣ ਤੁਸਾਂ ਨੂੰ ਏਹ ਬਾਰ ਬਾਰ ਆਏ ।

ਸਿਰਜਣਹਾਰ ਦੀ ਖੇਡ ਨੂੰ ਕੌਣ ਜਾਣੇ,
ਓਹਦੇ ਚੋਜ਼ਾਂ ਦਾ ਨਾ ਸ਼ੁਮਾਰ ਆਏ ।

(ਪੂਨੇ ਸਤਾਰੇ ਦੇ ਕਿਲੇ ਵਿਚੋਂ ਰੁਸਤਮ ਰਾਓ ਅਤੇ
ਬਾਲਾ ਰਾਓ ਨੂੰ ਬੰਦੀ ਚੋਂ ਕਢਣਾ)

ਕਬਿਤ : ਦਿਤੇ ਬੰਦੀ ਖਾਨੇ ਵਿਚ ਮਰਹੱਟਿਆਂ ਨੇ ਸੂਰਮੇ ਦੋ,
ਰੁਸਤਮ ਰਾਓ ਬਾਲਾ ਰਾਓ ਦੋਵੇਂ ਭਾਈ ਸੀ ।
ਜਾਂਵਦੀ ਨਾ ਪੇਸ਼ ਤੇ ਹਮੇਸ਼ਾ ਦੁਖ ਭੋਗਦੇ ਨੇ,
ਆਸ ਏਥੋਂ ਨਿਕਲਨੇ ਦੀ ਓਨ੍ਹਾਂ ਨੂੰ ਨਾ ਕਾਈ ਸੀ ।
ਦਸਮੇਸ਼ ਗੁਰੂ ਜੀ ਦੇ ਚਰਣਾਂ ਦਾ ਧਿਆਨ ਧਰ,
ਹੋ ਕੇ ਨਿਮਾਣੇ ਜਿਹੇ ਆਸ ਤਕਾਈ ਸੀ ।
ਚਿਖਾ ਵਾਲੇ ਕੌਤਕ ਤੋਂ ਬਸ ਦੋ ਮਹੀਨੇ ਪਿਛੋਂ,
ਬਾਜਾਂ ਵਾਲੇ ਪਾਤਸ਼ਾਹਾ ਜੀ ਹੋਏ ਆ ਸਹਾਈ ਸੀ ।

ਕਬਿਤ : ਕਰਕੇ ਦਰਸ ਅਤਿ ਖੁਸ਼ ਹੋਏ ਦੋਵੇ ਭਾਈ,
ਸਿਰ ਧਰ ਚਰਣਾ ਤੇ ਸ਼ੁਕਰ ਗੁਜ਼ਾਰਿਆ ।
ਫੜ ਲਓ ਰਕਾਬਾਂ ਮੇਰੇ ਘੋੜੇ ਦੀਆ ਦੋਵੇਂ ਜਣੇ,
ਪੱਕੇ ਹੱਥ ਪਾਇਓ ਗੁਰਾਂ ਚੰਗੀ ਤਰਾਂ ਤਾੜਿਆ ।
ਮਾਰ ਅੱਡੀ ਘੋੜੇ ਨੂੰ ਇਉਂ ਉਡ ਗਏ ਆਕਾਸ਼ ਵਲ
ਹਵਾਈ ਅੱਡੇ ਉਤੋਂ ਜਿਉਂ ਜਹਾਜ਼ ਜਾਵੇ ਚਾਹੜਿਆ ।

ਸੇਵਾਦਾਰਾ ਕਈ ਕੋਹ ਲੈ ਗਏ ਨੇ ਉਡਾ ਕੇ ਗੁਰੂ,
ਜੰਗਲ ਮਨਵਾੜ ਵਿਚ ਜਾ ਕੇ ਉਤਾਰਿਆ ।

ਬੈਂਤ : ਆ ਗਏ ਵਲ ਪੰਜਾਬ ਨੇ ਸਤਿਗੁਰੂ ਜੀ,
ਅਜਾ ਪਾਲ ਸਿੰਘ ਨਾਮ ਸਦਾਵੰਦੇ ਨੇ ।
ਗੁਰੂ ਸਿੰਘ ਵੀ ਆਪ ਨੂੰ ਆਖ ਲੈਂਦੇ,
ਭੇਤ ਅਪਣਾ ਰਹਿੰਦੇ ਛੁਪਾਵੰਦੇ ਨੇ ।
ਜੰਗਾਂ ਵਿਚ ਜਾ ਸਿਖਾਂ ਦੀ ਮਦੱਦ ਕਰਦੇ,
ਹੁਕਮ ਨਾਮੇ ਵੀ ਕਿਤੇ ਪੂਚਾਂਵਦੇ ਨੇ ।
ਰਹਿਕੇ ਜੀਂਦ ਪਟਿਆਲੇ ਤੇ ਭਾਦਰੇ ਵਿਚ,
ਡੇਰਾ ਨਾਭੇ ਦੀ ਝਿੜੀ ਆ ਲਾਂਵਦੇ ਨੇ ।

ਕਬਿਤ : ਸਰੂਪ ਸਿੰਘ ਸਿਖ ਇਕ ਪਿਬੋ ਦੇ ਸੀ ਰਹਿਣ ਵਾਲਾ,
ਕਾਨ੍ਹ ਸਿੰਘ ਨਾਭੇ ਜੀ ਦਾ ਇਹ ਵਡੇਰਾ ਸੀ ।
ਫੌਜ ਵਿਚ ਭਰਤੀ ਸੀ ਜਸਵੰਤ ਸਿੰਘ ਰਾਜੇ ਕੋਲ,
ਅੰਦਰ ਵੈਰਾਗ ਗੁਰੂ ਮਿਲਨੇ ਦਾ ਵਧੇਰਾ ਸੀ
ਸੋਅ ਸੁਣ ਗੁਰਾਂ ਦੀ ਏਹ ਛਡ ਆਇਗਾ ਨੌਕਰੀ ਨੂੰ,
ਸੇਵਾ ਵਿਚ ਜੁਟਾ ਰਹਿੰਦਾ ਸਾਂਝ ਸਵੇਰਾ ਸੀ ।
ਪਰ ਮਨ ਵਿਚ ਰਹਿੰਦੀ ਸੋਚ ਹੈ ਏਹ ਹਰ ਵੇਲੇ,
ਕੌਣ ਹੈ ਏਹ ਕਿਥੋ ਆ ਕੇ ਏਥੇ ਲਾਇਆ ਡੇਰਾ ਸੀ ।

ਸਰੂਪ ਸਿੰਘ ਦਾ ਭਰਮ ਦੂਰ

ਬੈਂਤ : ਸਰੂਪ ਸਿੰਘ ਨੂੰ ਰਹਿੰਦੀ ਇਹ ਸੋਚ ਭਾਰੀ,
ਨਾਲੇ ਪ੍ਰੇਮ ਨਾਲ ਸੇਵਾ ਕਮਾਂਵਦਾ ਏ ।
ਖੌਰੇ ਕੌਣ ਹੈ ਏਡੇ ਪ੍ਰਤਾਪ ਵਾਲਾ,
ਕਿਥੇ ਰਿਹਾ ਏਹ ਨਾਮ ਧਿਆਵੰਦਾ ਏ ।
ਕਿਥੇ ਰਿਹਾ ਏਹ ਜੰਗੀ ਅਭਿਆਸ ਕਰਦਾ,
ਕਿਥੇ ਰਿਹਾ ਏਹ ਸ਼ਸਤਰ ਚਲਾਵੰਦਾ ਏ ।
ਕਿਥੇ ਪਲੇ ਤੇ ਕਿਥੇ ਪਰਕਾਸ਼ ਹੋਇਆ,
ਕੋਈ ਭੇਤ ਨਾ ਕਿਸੇ ਨੂੰ ਆਂਵਦਾ ਏ ।

ਬੈਂਤ : ਇਕ ਦਿਨ ਸੋਚ ਵਿਚ ਐਸਾ ਗਲਤਾਨ ਹੋਇਆ,
ਇਕ ਪੱਲ ਨਾ ਧੀਰ ਧਰਾਵੰਦਾ ਹੈ ।
ਡਰਦਾ ਸੰਗਦਾ ਪੁਛ ਵੀ ਸਕਦਾ ਨਹੀ,
ਮਨ ਹੀ ਮਨ ਵਿਚ ਪਿਆ ਤੜਫਾਂਵਦਾ ਹੈ ।
ਜਾਣੀ ਜਾਣ ਸਭ ਦਿਲਾਂ ਦੀ ਜਾਣਦੇ ਸੀ,
ਕੇਹੜੀ ਗਲ ਤੋਂ ਸਿਖ ਘਬਰਾਂਵੰਦਾ ਹੈ ।
ਸਤਿਗੁਰ ਪਾਸ ਬੁਲਾ ਕੇ ਓਸ ਤਾਈਂ,
ਓਹਦੇ ਮਨ ਦਾ ਭਰਮ ਗਵਾਂਵਦਾ ਹੈ ।

ਬੈਂਤ : ਸਚੇ ਪਾਤਸ਼ਾਹਾ ਭਰਮ ਮਿਟਾਉਣ ਦੇ ਲਈ,
ਸਰੂਪ ਸਿੰਘ ਨੂੰ ਪਾਸ ਬੁਲਾ ਕੇ ਤੇ ।
ਸਾਡੇ ਪਿੰਡੇ ਤੇ ਹੋ ਰਹੀ ਖੁਰਕ ਬਹੁਤੀ,
ਕਿਹਾ ਵੇਖੀਂ ਕਮੀਜ਼ ਉਠਾ ਕੇ ਤੇ ।
ਕਿਤੇ ਹੋਵੇ ਨਾ ਜੀਵ ਕੋਈ ਖਾਜ ਕਰਦਾ,
ਚੰਗੀ ਤਰਾਂ ਏਹ ਵੇਖੀ ਅਜ਼ਮਾ ਕੇ ਤੇ ।
ਵੇਖਣ ਲਗਾ ਤੇ ਹੋ ਹੈਰਾਨ ਕਹਿੰਦਾ,
ਜੀ ਆਹ ਘਾਓ ਲਗਾ ਕਿਥੋਂ ਆ ਕੇ ਤੇ ।

ਬੈਂਤ : ਸਚੇ ਪਾਤਸ਼ਾਹਾ ਖੋਲਣ ਲਈ ਭੇਤ ਸਾਰਾ,
ਸਰੂਪ ਸਿੰਘ ਨੂੰ ਪਾਸ ਬੈਠਾਰਿਆ ਸੀ ।
ਸੇਵਾ ਤੇਰੀ ਨੇ ਕਰ ਲਿਆ ਵੱਸ ਮੈਨੂੰ,
ਤੂੰ ਜਿਤਿਆ ਤੇ ਮੈਂ ਹਾਰਿਆ ਸੀ ।
ਸੇਵਾਦਾਰਾ ਏਹ ਨਵਾਂ ਨਹੀ ਘਾਓ ਲਗਾ,
ਬਾਜਾ ਵਾਲੜੇ ਮੁਖੋ ਉਚਾਰਿਆ ਸੀ ।
ਏਹ ਓਹੀ ਹੈ ਘਾਓ ਸਰੂਪ ਸਿੰਘਾ,
ਦਖਣ ਵਿਚ ਪਠਾਣ ਜੋ ਮਾਰਿਆ ਸੀ ।

ਸਚੇ ਪਾਤਸ਼ਾਹ ਖੋਲਿਆ ਭੇਤ ਸਾਰਾ,
ਸਰੂਪ ਸਿੰਘ ਨੂੰ ਕਹਿਆ ਸੁਣਾ ਕਰਕੇ ।
ਭੇਤ ਗੁਪਤ ਜੋ ਰਖਿਆ ਸਾਰਿਆਂ ਤੋਂ,
ਛਡਿਆ ਤੂੰ ਹੈ ਜਾਹਿਰ ਕਰਵਾ ਕਰਕੇ ।

ਦਖਣ ਛੁਰਾ ਪਠਾਣਾਂ ਨੇ ਮਾਰਿਆ ਜੋ,
ਉਹੋ ਘਾਉ ਹੈ ਕਹਿਆ ਸਮਝਾ ਕਰਕੇ ।
ਸੇਵਾਦਾਰਾ ਇਹ ਤੈਨੂੰ ਦਿਖਾ ਦਿਤਾ,
ਭੇਤ ਥੋੜਾ ਚਿਰ ਰਖੀਂ ਛੁਪਾ ਕਰਕੇ ।

ਸ੍ਰੀ ਸਤਿਗੁਰ ਬਾਲਕ ਸਿੰਘ ਨੂੰ ਗੁਰ ਗਦੀ

ਕਬਿਤ : ਹਰੋ ਨਦੀ ਕੰਡੇ ਬੈਠੇ ਸਤਿਗੁਰ ਬਾਲਕ ਸਿੰਘ,
ਲਗੀ ਹੈ ਸਮਾਧੀ ਮਨ ਲਗਨ ਹੈ ਦੀਦਾਰ ਦੀ ।
ਸੰਮਤ ਅਠਾਰਾ ਸੌ ਉਨੱਤਰ ਦਾ ਸਮਾਂ ਸੀ ਓਹ,
ਆ ਗਏ ਬਾਜਾ ਵਾਲੇ ਖਿਚ ਪਈ ਜਾਂ ਪਿਆਰ ਦੀ ।
ਪੰਜ ਪੈਸੇ ਧਰ ਕੇ ਨਰਯੇਲ ਮਥਾ ਟੇਕ ਦਿਤਾ,
ਕਿਹਾ ਰਖ਼ੀਂ ਸਾਂਭ ਹੈ ਏਹ ਵਸਤ਼ ਰੱਬੀ ਕਾਰ ਦੀ ।
ਰਾਮ ਸਿੰਘ ਹੋ ਮੈਂ ਸਾਂਭ ਕੇ ਅਮਾਨਤ ਏਹ,
ਤੋਰਨੀ ਹੈ ਕਾਰ ਫੇਰ ਧਰਮ ਪਰਚਾਰ ਦੀ ।

ਬੈਂਤ : ਗੁਰਤਾ ਦੇ ਕੇ ਸਤਿਗੁਰੂ ਕਹਿਣ ਲਗੇ,
ਆਪੇ ਆਣ ਕੇ ਆਪ ਤੋਂ ਪਾਂਵਾਂਗਾ ਮੈਂ,
ਤੁਸਾਂ ਰਖਣੀ ਵਸਤ ਸੰਭਾਲ ਕਰ ਕੇ,
ਲੈ ਕੇ ਆਪ ਤੋਂ ਨਾਮ ਵਰਤਾਵਾਂ ਗਾ ਮੈਂ ।
ਰਾਮ ਸਿੰਘ ਉਦੋਂ ਮੇਰਾ ਨਾਮ ਹੋਸੀ,
ਬਾਢੀ ਕੁਲ ਨੂੰ ਭਾਗ ਅਲਗਾਂਵਾ ਗਾ ਮੈਂ ।

ਕਲਿਗੁਗ ਵਿਚ ਸਤਿਜੁਗ ਵਰਤਾਣ ਦੇ ਲਈ,
ਨਰ ਨਾਰੀ ਨੂੰ ਨਾਮ ਜਪਾਵਾਂਗਾ ਮੈਂ ।

ਦਸ਼ਮੇਸ਼ ਜੀ ਦਾ ਜੋਤੀ ਜੋਤ ਸਮੌਣਾ

ਬੈਂਤ : ਬਾਲਕ ਸਿੰਘ ਨੂੰ ਸਤਿਗੁਰੂ ਦੇ ਗੱਦੀ,
ਆਪ ਨਾਭੇ ਦੀ ਝਿੜੀ ਵਿਚ ਆਂਵਦੇ ਨੇ ।
ਸੰਮਤ ਅਠਾਰਾਂ ਸੌ ਉਨਤਰ ਵਿਚ ਸਤਿਗੁਰ,
ਚਲੇ ਜਾਣਾ ਪਰਲੋਕ ਨੂੰ ਚਾਂਹਵਦੇ ਨੇ ।
ਬੜੇ ਜੋਸ਼ ਅੰਦਰ ਲਗਾਤਾਰ ਸਤਿਗੁਰ,
ਪੰਜ ਦਿਨ ਫਿਰ ਨੌਬਤ ਵਜਾਂਵਦੇ ਨੇ ।
ਖੁਲ ਗਿਆ ਓਹ ਫੱਟ ਨੰਦੇੜ ਵਾਲਾ,
ਗੁਪਤ ਭੇਤ ਨੂੰ ਪ੍ਰਗਟ ਕਰਾਂਵਦੇ ਨੇ ।

ਬੈਂਤ : ਮੈਂ ਤਾਂ ਚਲਿਆ ਹੁਣ ਪਰਲੋਕ ਤਾਈ,
ਤੁਸਾਂ ਅਪਣਾ ਫਰਜ਼ ਨਿਭਾ ਦੇਣਾ ।
ਮੇਰੇ ਅੰਗੀਠੇ ਦੀ ਭਸਮ ਨੂੰ ਕਠਿਆਂ ਕਰ,
ਸਤਿਲੁਜ ਤੇ ਤੁਸਾਂ ਪਹੁਚਾਂ ਦੇਣਾ ।
ਮੇਰੀ ਭਸਮ ਨੂੰ ਤੁਸਾਂ ਪਰਵਾਵਣਾ ਨਹੀਂ,
ਜਲ ਦੇ ਬਾਹਰ ਪੰਜ ਕਦਮ ਟਿਕਾ ਦੇਣਾ ।

ਗੁਰੂ ਸਿੰਘ ਦੇ ਅੰਗੀਠੇ ਦੀ ਭਸਮ ਲੈ ਜਾ,
ਇਹ ਸਤਿਲੁਜ ਨੂੰ ਤੁਸਾਂ ਸੁਣਾ ਦੇਣਾ।

ਬੈਂਤ : ਏਦਾਂ ਆਖ ਕੇ ਜੋਤ ਵਿਚ ਜੋਤ ਮਿਲ ਗਈ,
ਸਿਖਾਂ ਅਪਣਾ ਫਰਜ਼ ਨਿਭਾ ਦਿਤਾ।
ਜਿਵੇਂ ਹੁਕਮ ਸੀ ਅੰਗੀਠਾ ਤਿਆਰ ਕਰਕੇ,
ਧੀਰਜ ਧਾਰ ਕੇ ਤੇ ਲੰਬੂ ਲਾ ਦਿਤਾ।
ਠੰਡਾ ਹੋਇਆ ਤੇ ਭਸਮ ਸਭ ਕਰ ਕਠੀ,
ਸਤਿਲੁਜ ਦੇ ਕੰਢੇ ਪਹੁਚਾਂ ਦਿਤਾ।
ਗੁਰੂ ਸਿੰਘ ਦੇ ਅੰਗੀਠੇ ਦੀ ਭਸਮ ਲੈ ਜਾ,
ਹੱਥ ਜੋੜ ਕੇ ਸਿਖਾਂ ਸੁਣਾ ਦਿਤਾ।

ਬੈਂਤ : ਏਹ ਗੁਰੂ ਕਾ ਹੁਕਮ ਸਤਿਲੁਜ ਸੁਣ ਕੇ,
ਝੱਟ ਕੰਢਿਆਂ ਤੋਂ ਬਾਹਰ ਆ ਗਿਆ।
ਰੋੜ ਲਈ ਅੰਗੀਠੇ ਦੀ ਭਸਮ ਸਾਰੀ,
ਸੇਵਾਦਾਰ ਬਣ ਫਰਜ ਨਿਭਾ ਗਿਆ।
ਰਹਿੰਦਾ ਸਿਖਾਂ ਦੇ ਮਨਾਂ ਵਿਚ ਭਰਮ ਸੀ ਜੋ,
ਕੌਤਕ ਵੇਖ ਏਹ ਹੋ ਸਫਾ ਗਿਆ।
ਸਰੂਪ ਸਿੰਘ ਏਹ ਲਿਖ ਕੇ ਹਾਲ ਸਾਰਾ,
ਸਾਧ ਸੰਗਤ ਦੇ ਤਾਈਂ ਬਤਾ ਗਿਆ।

(ਧੰਨ ਗੁਰੂ ਗੋਬਿੰਦ ਸਿੰਘ ਜੀ)

ਸ੍ਰੀ ਸਤਿਗੁਰ ਰਾਮ ਸਿੰਘ ਜੀ ਦੇ ਦਰਸ਼ਨ
ਸੰਮਤ ੨੦੨੭ ਸ੍ਰੀ ਭੈਣੀ ਸਾਹਿਬ ਵਿਚ

ਬੈਂਤ : ਦਿਨ ਬਸੰਤ ਦਾ ਸੰਮਤ ਸਤਾਈਆ ਸੀ,
ਭੈਣੀ ਸਾਹਿਬ ਜਦ ਪਰਤ ਭਗਵਾਨ ਆਏ ।
ਜੇਹੜੇ ਗਏ ਪਰਦੇਸ਼ ਸਨ ਦੇਸ਼ ਬਦਲੇ,
ਅਧੀ ਰਾਤ ਨੂੰ ਕ੍ਰਿਪਾ ਨਿਧਾਨ ਆਏ ।
ਜਿਨਾ ਧਰਮ ਤੋਂ ਸਿੰਘ ਕੁਰਬਾਨ ਕੀਤੇ,
ਗਊ ਗਰੀਬ ਦੇ ਰਾਖੇ ਮਹਾਨ ਆਏ ।
ਰਹਿੰਦੀ ਜਿਨ੍ਹਾਂ ਦੀ ਲਗੀ ਉਡੀਕ ਹਰ ਦਮ,
ਬਿਹਰਾ ਕੁਠਿਆਂ ਧੀਰ ਧਰਾਨ ਆਏ ।

ਬੈਂਤ : ਸਾਡੇ ਬਾਰਾਂ ਦਾ ਵਕਤ ਸੀ ਰਾਤ ਵੇਲੇ,
ਜਦੋਂ ਆਣ ਕੇ ਗੇਟ ਹਲਾਇਆ ਏ ।
ਰਹੇ ਚੁਪ ਨਹੀਂ ਕੋਈ ਅਵਾਜ਼ ਮਾਰੀ,
ਅੰਦਰ ਜਾਣ ਲਈ ਦਰ ਖੜਕਾਇਆ ਏ ।
ਹਰੀ ਸਿੰਘ ਨੇ ਅੰਦਰੋ ਖੜਕ ਸੁਣਿਆ,
ਜਿਨ੍ਹੂੰ ਸੇਵਾ ਤੇ ਸਤਿਗੁਰਾਂ ਲਾਇਆ ਏ ।

ਆਇਆ ਭੁਖਾ ਮੁਸਾਫਰ ਉਸ ਸਮਝਿਆ ਕੋਈ

ਲੰਗਰ ਦੇਣ ਦੇ ਲਈ ਬੂਹਾ ਲਾਹਿਆ ਏ ।

ਕਬਿਤ : ਹਰੀ ਸਿੰਘ ਬੂਹਾ ਲਾਹਿਆ ਜਦੋਂ ਲੰਗਰ ਦੇਣ ਲਈ,

ਵੇਖਿਆ ਤਾਂ ਖੜਾ ਅਗੇ ਲੰਗਰ ਲਾਉਣ ਵਾਲਾ ਏ ।

ਦੋ ਨਾਲ ਸੇਵਕ ਤੇ ਹਾਥੀ ਏ ਸਫੇਦ ਕੋਲ

ਵੇਖਿਆ ਨਾ ਜਾਵੇ ਓਹਦਾ ਤੇਜ ਹੀ ਨਰਾਲਾ ਏ ।

ਢਹਿ ਪਿਆ ਚਰਨਾ ਤੇ ਸਿਖ ਦੋਵੇਂ ਹਥ ਜੋੜ,

ਧੰਨ ਮੇਰੇ ਭਾਗ ਅਜ ਹੋ ਗਿਆ ਉਜਾਲਾ ਏ ।

ਫੇਰ ਆਏ ਅੰਦਰ ਤੇ ਮੰਦਰ ਸੁਹਾਏ ਸਭ,

ਚਿਰਾਂ ਬਾਅਦ ਜਦੋਂ ਘਰ ਆਇਆ ਚੀਨੀ ਵਾਲਾ ਏ ।

ਕਬਿਤ : ਸਦਾ ਬਰਤ ਵਾਲੀ ਬਾਰੀ ਪਹਿਲਾਂ ਖੁਲਵਾਏ ਵੇਖੀ,

ਫੇਰ ਗ਼ਏ ਮੰਦਰਾਂ ਚ ਰਾਮ ਚਰਨ ਧੋਇ ਕੇ ।

ਵੇਖੀਆਂ ਬਖਾਰੀਆਂ ਏਹ ਪਕੀਆ ਬਣਾਏ ਲਈਆਂ,

ਫੇਰ ਗਏ ਘਰੀਂ ਰਾਮ ਗਦੀ ਸਾਹਿਬੋਂ ਹੋਏ ਕੇ ।

ਫੇਰ ਗ਼ਏ ਲੰਗਰ ਦੇ ਅੰਦਰ ਆਕਾਲ ਆਪ,

ਵੇਖਿਆ ਏ ਕੋਲ ਸਭ ਲੋਹ ਖਲੋਏ ਕੇ ।

ਹਰੀ ਸਿੰਘ ਤਾਂਈ ਫੇਰ ਪੁਛਦੇ ਨੇ ਆਪ ਹਰੀ,

ਲੰਗਰ ਕਿਵੇਂ ਚਲਦਾ ਏ ਦਸੀ ਖਾ ਬਲੋਏ ਕੇ ।

ਬੈਂਤ : ਹਥ ਜੋੜ ਕੇ ਹਰੀ ਸਿੰਘ ਅਰਜ਼ ਕੀਤੀ,
ਲੰਗਰ ਚਲਦੇ ਜਿਵੇਂ ਚਲਾ ਗਏ ਸੌ ।
ਹਰ ਕਿਸੇ ਨੂੰ ਮਿਲੇ ਪ੍ਰਸਾਦ ਰੱਜ ਕੇ,
ਆਵੇ ਤੋਟ ਕਿਉਂ ਜੋ ਬਰਕਤ ਪਾ ਗਏ ਸੌ ।
ਸਾਡੇ ਸਿਰਾਂ ਤੇ ਰਖਦੇ ਹੱਥ ਹਰ ਦਮ,
ਪਲਾ ਜਿਨਾਂ ਦਾ ਸਾਨੂੰ ਫੜਾ ਗਏ ਸੌ ।
ਪਰ ਸਚੇ ਪਾਤਸ਼ਾਹ ਨਹੀ ਅੰਗੁਰ ਆਇਆ,
ਜੇਹੜਾ ਫਟ ਜੁਦਾਈ ਦਾ ਲਾ ਗਏ ਸੌ ।

ਬੈਂਤ : ਦਸਾਂ ਕੀਹ ਵਛੋੜੇ ਦੇ ਕਾਰਨਾਮੇ,
ਮੈਥੋਂ ਜਾਂਵਦਾ ਹਾਲ ਸੁਣਾਇਆ ਈ ਨਹੀ ।
ਪੈ ਗਏ ਕਈਆਂ ਦੇ ਭੋਗ ਵਜੋਗ ਅੰਦਰ,
ਸਤਿਗੁਰ ਆਪ ਨੇ ਦਰਸ ਦਖਾਇਆ ਈ ਨਹੀ ।
ਕੁਦਰਤ ਆਪ ਦੀ ਆਪ ਹੀ ਜਾਣਦੇ ਓ,
ਭੇਤ ਆਪ ਦਾ ਕਿਸੇ ਨੇ ਪਾਇਆ ਈ ਨਹੀ ।
ਅਜ ਦਾਸ ਉਤੇ ਮੋਹਰਾਂ ਕੀਤੀਆਂ ਜੇ,
ਚੰਗਾ ਕਰਮ ਮੈ ਕਦੇ ਕਮਾਇਆ ਈ ਨਹੀ ।

ਬੈਂਤ : ਜੇਕਰ ਕਰੋਂ ਮਨਜੂਰ ਇਕ ਅਰਜ਼ ਮੇਰੀ,
ਤਾਂ ਤੇ ਆਂਪਣਾ ਫਰਜ ਨਿਭਾ ਲਵਾਂ ਮੈਂ ।

ਦਰਸ਼ਨ ਕਰਨ ਆ ਡੇਰੇ ਦੇ ਸਾਧ ਸਾਰੇ,
ਛਿਨਾ ਪਲਾਂ ਦੇ ਵਿਚ ਜਗਾ ਲਵਾਂ ਮੈਂ
ਸਭ ਨੂੰ ਜਾ ਕੇ ਖੁਸ਼ੀ ਦੀ ਖਬਰ ਦੇਵਾਂ,
ਸੇਵਾਦਾਰ ਬਣ ਸੇਵਾ ਕਮਾ ਲਵਾਂ ਮੈਂ ।
ਸਤਿਗੁਰ ਛਡ ਪਰਦੇਸ਼ ਨੂੰ ਦੇਸ਼ ਆ ਗਏ,
ਸਾਰੇ ਜਗ ਅੰਦਰ ਰੌਲਾ ਪਾ ਲਵਾਂ ਮੈਂ ।

ਬੈਂਤ : ਹੁਣ ਮੈਂ ਚਲਿਆ ਸਤਿਗੁਰੁ ਕਹਿਣ ਲਗੇ,
ਦੂਰ ਹੋਣੀਆ ਸਭ ਲਾਚਾਰੀਆਂ ਨੇ ।
ਧੀਰਜ ਕਰੋ ਤੇ ਰਖੋ ਉਡੀਕ ਮੇਰੀ,
ਮੇਰੇ ਅਉਣ ਦੀਆਂ ਛੇਤੀ ਤਿਆਰੀਆਂ ਨੇ ।
ਏਨੀ ਆਖ ਕੇ ਸਤਿਗੁਰ ਫੇਰ ਤੁਰ ਪਏ,
ਚਿਟੇ ਹਾਥੀ ਤੇ ਕੀਤੀਆਂ ਅਸਵਾਰੀਆਂ ਨੇ ।
ਚਾਰ ਦਿਨ ਨਾ ਹਰੀ ਨੂੰ ਹੋਸ਼ ਆਈ,
ਓਹਲੇ ਹੋਈਆਂ ਜਾਂ ਸੂਰਤਾਂ ਪਿਆਰੀਆਂ ਨੇ ।

ਧੰਨ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ

ਅਰੂੜ ਸਿੰਘ ਭਾਣੋ ਪਿੰਡੀਆ

ਬੈਂਤ : ਭਾਣੋ ਪਿੰਡੀਆਂ ਨਗਰ ਤਸੀਲ ਡਸਕਾ,
ਅਰੂੜ ਸਿੰਘ ਓਥੇ ਨੰਬਰਦਾਰ ਹੈ ਸੀ ।
ਧਾੜੇ ਮਾਰਦਾਂ ਪੁਲਿਸ ਦੇ ਨਾਲ ਮਿਲ ਕੇ,
ਦੂਰ ਦੂਰ ਤਾਕਰ ਕਰਦਾ ਮਾਰ ਹੈ ਸੀ ।
ਚੋਰੀ ਕਰਨ ਦੇ ਵਿਚ ਸੀ ਤਾਕ ਬਹੁਤ,
ਮਸ਼ਾਹੂਰ ਓਹ ਵਿਚ ਸੰਸਾਰ ਹੈ ਸੀ ।
ਓਹਦੇ ਵਾਰ ਤੋਂ ਕਦੇ ਨਾ ਗਿਆ ਖਾਲੀ,
ਰਖੀ ਜਿਸ ਤੇ ਓਸ ਨੇ ਤਾੜ ਹੈ ਸੀ ।

ਬੈਂਤ : ਕੱਕਾ ਕਰਮ ਜਿਸ ਬੰਦੇ ਦੇ ਜਾਗਦੇ ਨੇ,
ਲਗ ਕੁਦਰਤੀ ਓਸ ਨੂੰ ਢੋਅ ਜਾਂਦੇ ।
ਸੋਝ ਗਿਆਨ ਅਗਿਆਨ ਦੀ ਆ ਜਾਂਦੀ,
ਸਾਧ ਸ਼ਰਨ ਨੂੰ ਜਦੋਂ ਓਹ ਛੋਹ ਜਾਂਦੇ ।
ਖੋਟੇ ਕਰਮ ਮਿਟ ਜਾਂਵਦੇ ਪਲਕ ਅੰਦਰ,
ਮੈਂ ਮੇਰੀ ਨੂੰ ਜਦੋਂ ਓਹ ਖੋਹ ਅੰਦਰ ਜਾਂਦੇ ।
ਮੁਕ ਜਾਂਵਦੇ ਗੇੜ ਚੁਰਾਸੀਆਂ ਦੇ,
ਪੱਥਰ ਚਿਤ ਤੋਂ ਓਹ ਪਾਰਸ ਹੋ ਜਾਂਦੇ ।

ਬੈਂਤ : ਸੰਤ ਰੂਪ ਇਕ ਸਿਧੀ ਦਸਤਾਰ ਸਿਰ ਤੇ,
ਅਰੂੜ ਸਿੰਘ ਡਿਠਾ ਕਿਤੇ ਜਾ ਰਹੇ ਨੇ ।
ਪੁਛਿਆ ਕੌਣ ਤੇ ਕਿਧਰ ਨੂੰ ਜਾ ਰਹੇਓ,
ਸੰਪ ਨਿਮਰਤਾ ਨਾਲ ਸਮਝਾ ਰਹੇ ਨੇ ।
ਸੂਬਾ ਜਿਲੇ ਇਸ ਦਾ ਸੋਹਣ ਸਿੰਘ ਹਾਂ ਮੈਂ,
ਸੰਤ ਰੂਪ ਓਹ ਅਗੋਂ ਸੁਣਾ ਰਹੇ ਨੇ ।
ਤਾਜੋਕਿਆਂ ਦੇ ਜਾਗ ਪਏ ਭਾਗ ਸਿਖਾ,
ਕੱਲ ਨੂੰ ਸਤਿਗੁਰੂ ਜੀ ਚਰਨ ਪਾ ਰਹੇ ਨੇ ।

ਬੈਂਤ : ਸੁਣ ਕੇ ਨਾਮ ਸਤਿਗੁਰੂ ਪ੍ਰਤਾਪ ਸਿੰਘ ਦਾ,
ਕਹਿੰਦਾ ਮਨ ਨੂੰ ਮਾਨ ਗਵਾ ਕੇ ਵੇਖ ।
ਜਿਦੇ ਦਰਸ਼ਨਾ ਨੂੰ ਦੁਨਿਆ ਲਚਦੀ ਏ,
ਇਕ ਵਾਰ ਤੂੰ ਦਰਸ਼ਨ ਪਾਕੇ ਵੇਖ ।
ਲੋਕੀਂ ਆਖਦੇ ਤਾਰਦੈ ਪਾਪੀਆਂ ਨੂੰ,
ਓਹਦੇ ਦਰ ਤੇ ਸੀਸ ਨਿਵਾ ਕੇ ਵੇਖ ।
ਜਿਦਾ ਨਾਮ ਸੁਣ ਆਤਮਾ ਹੋਏ ਠੰਡੀ,
ਓਹਦੇ ਚਰਨਾਂ ਵਿਚ ਕਲ ਨੂੰ ਜਾ ਕੇ ਵੇਖ ।

ਬੈਂਤ : ਸਾਰੀ ਰਾਤ ਓਹ ਰਿਹਾ ਵਿਚਾਰ ਕਰਦਾ,
ਚੜ੍ਹਿਆ ਦਿਨ ਤੇ ਆਖਿਰ ਤਿਆਰ ਹੋਇਆ ।

ਕਿਸੇ ਤਰ੍ਹਾਂ ਮੈਂ ਜਾਂਵਾਂ ਹੁਣ ਪਹੁੰਚ ਛੇਤੀ,
ਟਾਂਗੇ ਇਕ ਤੇ ਝੱਟ ਅਸਵਾਰ ਹੋਇਆ ।
ਸੰਗਤ ਖੜੀ ਸੀ ਅਗੇ ਉਡੀਕ ਅੰਦਰ,
ਏਹ ਵੀ ਓਸ ਦੇ ਵਿਚ ਸ਼ੁਮਾਰ ਹੋਇਆ ।
ਸੰਗਤ ਜਿਨਾ ਨੂੰ ਪਈ ਉਡੀਕਦੀ ਸੀ,
ਆ ਗਏ ਸਤਿਗੁਰੂ ਤੇ ਜੈ ਜੈ ਕਾਰ ਹੋਇਆ ।

ਬੈਂਤ : ਆ ਕੇ ਆਸਨ ਤੇ ਬੈਠ ਗਏ ਸਤਿਗੁਰੂ ਜੀ,
ਸਭ ਸੰਗਤਾਂ ਨੂੰ ਠੰਡ ਪਾ ਰਹੇ ਨੇ ।
ਵਧ ਵਧ ਲੋਕੀਂ ਇਕ ਦੂਸਰੇ ਤੋਂ,
ਚਰਣ ਧੂੜ ਲੈ ਮਸਤਿਕ ਨੂੰ ਲਾ ਰਹੇ ਨੇ ।
ਵਾਰੀ ਆਂਵਦੀ ਨਹੀ ਮਥਾ ਟੇਕਣੇ ਦੀ,
ਝੁਰਮੁਟ ਵਾਂਗ ਪਤੰਗਿਆ ਪਾ ਰਹੇ ਨੇ ।
ਤਨ ਮਨ ਤੇ ਧਨ ਦੀ ਭੇਟ ਧਰ ਕੇ,
ਸਤਿਗੁਰ ਆਪਣੇ ਤੋਂ ਸਦਕੇ ਜਾ ਰਹੇ ਨੇ ।

ਬੈਂਤ : ਲੀਲ੍ਹਾ ਵੇਖ ਸਤਿਗੁਰਾਂ ਦੀ ਅਰੂੜ ਸਿੰਘ ਵੀ,
ਹਥ ਜੋੜ ਪਲਾ ਗਲ ਪਾ ਕਹਿੰਦਾ ।
ਸਾਡੇ ਘਰ ਵੀ ਗੁਰੂ ਜੀ ਚਰਨ ਪਾਵੋ,
ਪਾਪੀ ਮਨ ਦਾ ਮਾਨ ਗਵਾ ਕਹਿੰਦਾ ।

ਕਿਰਤ ਕਰਮ ਦੇ ਵਿਛੜੇ ਜੀਵ ਦਾਤਾ,
ਕ੍ਰਿਪਾ ਕਰ ਕੇ ਛਵੋ ਮਿਲਾ ਕਹਿੰਦਾ ।
ਕੰਮ ਕਰ ਤੇ ਪੁਛ ਵਿਹਾਰ ਓਹਦਾ,
ਵਡ ਪਰਤਾਪੀ ਵੀ ਅਗੋਂ ਸੁਣਾ ਕਹਿੰਦਾ ।

ਬੈਂਤ : ਘਰ ਜਾਣਾ ਨਹੀ ਤੇਰੇ ਅਰੂੜ ਸਿੰਘਾ,
ਤੇਰੀ ਸੋਅ ਹੈ ਕੰਨਾਂ ਵਿਚ ਆਈ ਭੇੜੀ ।
ਧਾੜੇ ਚੋਰੀਆਂ ਡਾਕੇ ਹੈ ਕੰਮ ਤੇਰਾ,
ਚੰਗੀ ਨਹੀ ਏਹ ਤੇਰੀ ਕਮਾਈ ਭੇੜੀ ।
ਘਰ ਜਾਣ ਤੋਂ ਮੈਨੂੰ ਇਨਕਾਰ ਵੀ ਨਹੀਂ,
ਹਟ ਜਾਏ ਅਉਣੀ ਜੇ ਤੇਰੀ ਅਵਾਈ ਭੇੜੀ ।
ਖੋਟੀ ਸੰਗਤ ਦਾ ਕਰੀਂ ਨਾ ਸਾਥ ਮੁੜ ਕੇ,
ਮਨੋਂ ਕੱਢ ਦੇ ਏਹ ਦਨਾਈ ਭੇੜੀ ।

ਬੈਂਤ : ਮੰਨਣ ਵਾਸਤੇ ਦਾਸ ਤਿਆਰ ਹੈ ਇਹ,
ਜੋ ਕੁਝ ਵੀ ਹੁਕਮ ਸੁਣਾਓ ਗੁਰ ਜੀ ।
ਪਰ ਏਹ ਮੇਰੀ ਵੀ ਅਰਜ ਕਬੂਲ ਕਰ ਲਓ,
ਅਜ ਚਰਨ ਸਾਡੇ ਘਰ ਪਾਓ ਗੁਰ ਜੀ ।
ਮੈਨੂੰ ਸਣੇ ਪਰਵਾਰ ਦਾਤਾਰ ਮੇਰੇ,
ਬੇੜੇ ਨਾਮ ਦੇ ਉਤੇ ਚੜ੍ਹਾਓ ਗੁਰ ਜੀ ।

ਬੈਂਤ : ਅਰੂੜ ਸਿੰਘ ਵਲ ਸਤਿਗੁਰਾਂ ਚਰਨ ਪਾਕੇ,
ਓਹਦੀ ਸ਼ਰਧਾ ਨੂੰ ਭਾਗ ਲਗਾ ਦਿਤਾ।
ਦੇ ਕੇ ਭਜਨ ਪਰਵਾਰ ਸਮੇਤ ਉਸ ਨੂੰ,
ਬੇੜੇ ਨਾਮ ਦੇ ਉਤੇ ਚੜ੍ਹਾ ਦਿਤਾ ।
ਖੋਟਾ ਕਰਮ ਨਹੀ ਅਜ ਤੋਂ ਕੋਈ ਕਰਨਾ,
ਚੰਗੀ ਤਰਾਂ ਏਹ ਪੱਕ ਪਕਾ ਦਿਤਾ।
ਸਤਿ ਬਚਨ ਕਹਿ ਕੇ ਲਿਆ ਮਨ ਉਸ ਨੇ,
ਜੋ ਕੁਝ ਸਤਿਗੁਰਾਂ ਹੁਕਮ ਸੁਣਾ ਦਿਤਾ।

ਬੈਂਤ : ਬੇੜੇ ਨਾਮ ਦੇ ਉਤੇ ਅਸਵਾਰ ਹੋ ਕੇ,
ਬੀਤੇ ਸਮੇਂ ਨੂੰ ਬਹੁਤ ਪਛਤਾਂਵੰਦਾ ਏ ।
ਮੰਤਰ ਮਿਲਿਆ ਜੋ ਕੰਨ ਦੇ ਵਿਚ ਹੈ ਸੀ,
ਸਵਾਸ ਸਵਾਸ ਦੇ ਨਾਲ ਦੁਹਰਾਂਵਦਾ ਏ ।
ਮਸਤੀ ਨਾਮ ਦੀ ਵਿਚ ਹੀ ਰਾਤ ਪੈ ਗਈ,
ਟੋਲਾ ਚੋਰਾਂ ਦਾ ਬਾਹਰੋਂ ਆ ਜਾਂਵਦਾ ਏ ।
ਛੇਤੀ ਕਰ ਓਠੋ ਲੰਬੜਾ ਖੋਲ ਬੂਹਾ,
ਬਾਰ ਬਾਰ ਪਿਆ ਦਰ ਖੜਕਾਂਵਦਾ ਏ ।

ਬੈਂਤ : ਬੂਹਾ ਖੋਲਿਆ ਬੈਠੇ ਆ ਕੋਲ ਸਾਰੇ,
ਕਹਿੰਦੇ ਲੰਬੜਾ ਤੈਨੂੰ ਕੀ ਹੋ ਗਿਆ ਏ।

ਅਗੇ ਵਾਂਗਰਾਂ ਤੈਨੂੰ ਨਹੀ ਚਾਅ ਚੜਿਆ,
ਤੇਰਾ ਦਿਲ ਕੋਈ ਜਾਪਦਾ ਮੋਹ ਗਿਆ ਏ ।
ਜਾਂ ਫਿਰ ਪਿਆਂ ਹੈਂ ਤੂੰ ਕਿਸੇ ਸੋਚ ਅੰਦਰ,
ਜਾਂ ਫਿਰ ਤੇਰਾ ਨੁਕਸਾਨ ਕੋਈ ਹੋ ਗਿਆ ਏ ।
ਸਚੋ ਸਚ ਤੂੰ ਦਸ ਦੇ ਗਲ ਸਾਰੀ
ਜਿਹੜੀ ਗਲ ਤੋਂ ਹਾਲ ਏਹ ਹੋ ਗਿਆ ਏ ।

ਬੈਂਤ : ਗਲ ਦਸ ਤੇ ਨਾਲੇ ਫਿਰ ਕਰ ਛੇਤੀ,
ਕਿਉਂ ਜੋ ਉਚੀਆਂ ਖਰੋਲੀਆਂ ਜਾਵਣਾ ਆਂ ।
ਓਸ ਨਗ਼ਰ ਵਿਚ ਤਾੜਿਆ ਘਰ ਚੰਗਾ,
ਜਿਧਰ ਜਾ ਕੇ ਪਾੜ ਲਗਾਵਨਾ ਆਂ ।
ਬੀਤੀ ਆਪ ਦੇ ਨਾਲ ਜੋ ਉਮਰ ਮੇਰੀ,
ਓਸੇ ਬੀਤੀ ਨੂੰ ਹੁਣ ਪਛਤਾਂਵਨਾ ਆਂ ।
ਵਕਤ ਬੀਤਿਆ ਨਹੀ ਮੇਰੇ ਹਥ ਅਊਦਾ,
ਏਸੇ ਸੋਚ ਅੰਦਰ ਗੋਤੇ ਖਾਵਨਾ ਆਂ ।

ਬੈਂਤ : ਭੈਣੀ ਵਾਲੜਾ ਲੈ ਗਿਆ ਦਿਲ ਮੇਰਾ,
ਅਤੇ ਦੇ ਗਿਆ ਅਪਣਾ ਨਾਮ ਮੈਨੂੰ ।
ਮਸਤੀ ਜਿਦੀ ਨਹੀ ਅਜੇ ਤੱਕ ਹੋਈ ਮਠੀ,
ਕੋਈ ਐਸਾ ਪਿਲਾ ਗਿਆ ਜਾਮ ਮੈਨੂੰ ।

ਠਗੀ ਚੋਰੀ ਨਹੀ ਦਗਾ ਫਰੇਬ ਕਰਨਾ,
ਵਰਜ ਗਿਆ ਏਹ ਕੰਮ ਤਮਾਮ ਮੈਨੂੰ।
ਤੁਸਾਂ ਜਾਣੇ ਤੇ ਜਾਓ ਨਾ ਖੜੋ ਮੈਨੂੰ,
ਚੋਰੀ ਕਰਨ ਹੋ ਗਿਆ ਹਰਾਮ ਮੈਨੂੰ।

ਬੈਂਤ : ਛਡ ਛਡ ਠਾਂਹ ਗੜੇ ਗਿਆਨ ਸਾਰੇ,
ਗਲਾਂ ਬੁਜ਼ਦਿਲਾਂ ਵਾਂਗ ਕੀਹ ਕਰੀ ਜਾਨੈਂ।
ਕਿਧਰ ਗਿਆ ਓਹ ਦਿਲ ਦਲੇਰ ਤੇਰਾ,
ਬੈਠਾ ਅੰਦਰੇ ਐਵੇਂ ਹੀ ਡਰੀ ਜਾਨੈਂ।
ਭੈਣੀ ਵਾਲਾ ਨਹੀਂ ਤੇਰੇ ਕੋਈ ਕੋਲ ਬੈਠਾ,
ਕੋਹੜੀ ਗਲ ਤੋਂ ਐਵੇਂ ਹੀ ਠਰੀ ਜਾਨੈਂ।
ਕੀਹ ਪਤਾ ਕਿਸ ਨੇ ਅੱਗਾ ਵੇਖਿਆ ਏ,
ਐਵੇਂ ਆਪਣਾ ਆਪ ਕਿਓਂ ਹਰੀ ਜਾਨੈਂ।

ਬੈਂਤ : ਬਦੋ ਬਦੀ ਓਹ ਓਸ ਨੂੰ ਨਾਲ ਲੈ ਗਏ,
ਜਾਕੇ ਘਰ ਓਥੇ ਇਕ ਪਾੜਿਓ ਨੇ।
ਸਨ੍ਹ ਮਾਰ ਸਭ ਵੜੇ ਮਕਾਨ ਅੰਦਰ,
ਅਰੂੜ ਸਿੰਘ ਬਾਹਰ ਖਲਾਰਿਓ ਨੇ।
ਅਊਂ ਦਿਸੇ ਕੋਈ ਹੋਵੇ ਖੜਾ ਕਿਧਰੇ
ਸਾਨੂੰ ਦਸ ਦਈਂ ਝਟ ਪਕਾਰਿਓ ਨੇ।

ਭੈਣੀ ਵਾਲੇ ਦੇ ਰਵੀਂ ਨਾ ਲੋਰ ਅੰਦਰ,
ਪਕਾ ਕਰ ਕਰ ਕੇ ਚੰਗਾ ਤਾੜਿਓ ਨੇ ।

ਬੈਂਤ : ਪਾੜ ਅਗੇ ਖਲੋਤੇ ਅਰੂੜ ਸਿੰਘ ਨੂੰ,
ਬਾਹੋਂ ਪਕੜ ਕੇ ਲੈ ਗਿਆ ਬਾਹਰ ਕੋਈ ।
ਹਨੇਰਾ ਬਹੁਤ ਹੈ ਪਤਾ ਕੁਝ ਲਗਦਾ ਨਹੀ
ਪਿੰਡੋ ਬਾਹਰ ਹੀ ਗਿਆ ਖਲ੍ਹਾਰ ਕੋਈ ।
ਅਰੂੜ ਸਿੰਘ ਮੁੜ ਆ ਗਿਆ ਫ਼ੇਰ ਉਥੇ,
ਮਨ ਵਿਚ ਨਾ ਕੀਤੀ ਵਿਚਾਰ ਕੋਈ ।
ਦੂਜੀ ਵਾਰ ਫਿਰ ਓਸ ਨੂੰ ਕੋਈ ਫੜ ਕੇ,
ਓਸੇ ਤਰਾਂ ਹੀ ਕਰ ਗਿਆ ਕਾਰ ਕੋਈ ।

ਬੈਂਤ : ਢੀਠ ਪੁਣੇ ਦੀ ਛਡੀ ਨਾ ਹਦ ਕੋਈ,
ਅਰੂੜ ਸਿੰਘ ਨਾ ਜਰਾ ਘਬਰਾਊਂਦਾ ਏ ।
ਤੀਜੀ ਵਾਰ ਮੁੜ ਆ ਗਿਆ ਫੇਰ ਉਥੇ,
ਮਨ ਵਿਚ ਨਾ ਜਰਾ ਸ਼ਰਮਾਉਂਦਾ ਏ ।
ਕਿਹਾ ਸਾਥੀਆਂ ਦਸ ਅਰੂੜ ਸਿੰਘਾ,
ਕਿਧਰ ਜਾਂਦਾ ਤੇ ਕਿਧਰੋਂ ਅਊਂਦਾ ਏ ।
ਸਾਨੂੰ ਦਈਂ ਨਾ ਕਿਤੇ ਫੜਾ ਬੀਬਾ,
ਤੇਰਾ ਦਿਲ ਕਿਓਂ ਏਨਾ ਘਬਰਾਊਂਦਾ ਏ ।

ਬੈਂਤ : ਏਨੇ ਚਿਰ ਨੂੰ ਉਸ ਫੜਿਆ ਆ ਵੇਰ ਬਾਹੋਂ,
ਅਤੇ ਆਖਿਆ ਕਹਿਰ ਗੁਜ਼ਰਿਆ ਈ ।
ਸੇਵਾਦਾਰਾ ਬੇਸ਼ਰਮਾ ਕੁਝ ਸ਼ਰਮ ਵੀ ਕਰ,
ਕਾਹਨੂੰ ਕਰਕੇ ਇਕਰਾਰ ਵਸਾਰਿਆ ਈ ।
ਕਰਨ ਚੋਰੀਆ ਸਿਖਾਂ ਦਾ ਧਰਮ ਨਾਹੀਂ
ਪਹਿਲੀ ਰਾਤੇ ਹੀ ਨੀਂਦਰੇ ਮਾਰਿਆ ਈ ।
ਕਿਹਾ ਸਾਥੀਆਂ ਭਾਈ ਅਰੂੜ ਸਿੰਘਾ,
ਤੇਰੀ ਸੰਗਤ ਨੇ ਸਾਨੂੰ ਵੀ ਤਾਰਿਆ ਈ ।

ਧੰਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

ਉਤਮ ਸਿੰਘ ਰੁਪਾਣਾ

ਬੈਂਤ : ਉਤਮ ਸਿੰਘ ਰੁਪਾਣੇ ਦੇ ਰਹਿਣ ਵਾਲਾ
ਤੁਰਨੇ ਸਿਰ ਚੰਗਾ ਨੰਬਰਦਾਰ ਸ਼ੀ ਓਹ ।
ਸ਼ਰਨ ਆ ਗਿਆ ਚਲ ਕੇ ਸਤਿਗੁਰਾਂ ਦੀ,
ਗੁਰਾਂ ਨਾਮ ਜਹਾਜ਼ ਲਿਆ ਚਾਹੜ ਸੀ ਓਹ ।
ਗੁਰਾਂ ਕਿਹਾ ਨਾ ਕਰੀਂ ਕੁਸੰਗ ਮੁੜ ਕੇ,
ਸਤਿ ਬਚਨ ਕਹਿ ਗਿਆ ਵਸਾਰ ਸੀ ਓਹ ।
ਖੁਸ਼ੀ ਸਤਿਗੁਰਾਂ ਦੀ ਲੈ ਸਕਿਆ ਨਾ,
ਕਿਓ ਜੋ ਬਚਨ ਕਰਕੇ ਗਿਆ ਹਾਰ ਸੀ ਓਹ ।

ਬੈਂਤ : ਐਸਾ ਰੰਗ ਕੁਸੰਗ ਦਾ ਆਣ ਲਗਾ,
ਫਸ ਗ਼ਿਆ ਓਹ ਖ਼ੂਨ ਦੇ ਕੇਸ ਅੰਦਰ ।
ਜਾਂਦੀ ਪੇਸ਼ ਨ ਅਗੇ ਕੋਈ ਹਾਕਮਾ ਦੇ,
ਡਾਢੀ ਫਸੀਆ ਜਾਨ ਕਲੇਸ਼ ਅੰਦਰ ।
ਕਰ ਕਰ ਸਤਿਗੁਰਾਂ ਦੇ ਬਚਨ ਯਾਦ ਰੋਂਦਾ,
ਪਰ ਨਾ ਜਾਂਵਦੀ ਏ ਕੋਈ ਪੇਸ਼ ਅੰਦਰ ।

ਕਿਹੜਾ ਸਤਿਗੁਰ ਬਾਝ ਸਹਾਈ ਹੋਵੇ,
ਏਸ ਕਤਲ ਦੇ ਕੇਸ ਦੀ ਰੇਸ ਅੰਦਰ ।

ਕਬਿਤ : ਮੁਲਾਕਾਤ ਲਈ ਜੇਹੜੇ ਆਉਣ ਸਬੰਧੀ ਓਹਦੇ,
ਆਖੇ ਮੇਰੇ ਵਲੋਂ ਗ਼ੁਰੂ ਚਰਨਾ ਚ ਜਾਏ ਕੋਈ ।
ਬਚਨ ਭੁਲ ਗੁਰਾਂ ਦਾ ਮੈਂ ਰੁਲ ਗਿਆ ਖਾਕ ਵਿਚ,
ਮੇਰੇ ਵਲੋਂ ਹਥ ਜੋੜ ਵਾਸਤਾ ਜਾ ਪਾਏ ਕੋਈ ।
ਵਡੇ ਪ੍ਰਤਾਪ ਵਾਲਾ ਹੈ ਬਖਸ਼ਿੰਦ ਸਤਿਗੁਰ,
ਮੈਂ ਗੁਨ੍ਹਾਂਗਾਰ ਹਾਂ ਜਾ ਹਾਲ ਸੁਣਾਏ ਕੋਈ ।
ਸਾਰੀ ਊਮਰ ਓਸਦਾ ਰਵ੍ਹਾਂਗਾ ਸੇਵਾਦਾਰ ਬਣਕੇ,
ਇਕ ਵਾਰੀ ਮੇਰੀ ਬਖਸ਼ ਜੇ ਕਰਾਏ ਕੋਈ ।

ਕਬਿਤ : ਸਤਿਗੁਰਾਂ ਅਗੇ ਕਠੇ ਹੋ ਕੇ ਸਿਖਾਂ ਅਰਜ ਕੀਤੀ,
ਪਰ ਗੁਰਾਂ ਕਿਹਾ ਓਹਦੀ ਗਲ ਨਾ ਚਲਾਓ ਕੋਈ ।
ਸਿਖ ਅਤੇ ਗੁਰੂ ਦਾ ਤਾਂ ਬਚਨ ਦਾ ਹੀ ਮੇਲ ਹੁੰਦੈ,
ਬਚਨ ਨਾ ਮੰਨ ਓਹਨੂੰ ਬਚਨ ਨਾ ਸੁਣਾਓ ਕੋਈ ।
ਜੇਹੜੇ ਕਮੋ ਵਰਜਿਆ ਸੀ ਊਹੋ ਉਸ ਕੰਮ ਕੀਤਾ,
ਹੁਣ ਓਹਦੇ ਵਾਸਤੇ ਨਾ ਮੇਰੇ ਕੋਲ ਆਓ ਕੋਈ ।
ਏਸੇ ਤਰਾਂ ਪਰਤ ਸਿਖਾਂ ਆਖਿਆ ਜਾ ਉਸ ਤਾਈ,
ਸਤਿਗੁਰ ਨਹੀ ਮੰਨਦੇ ਕਰ ਆਪ ਹੀ ਉਪਾਉ ਕੋਈ ।

ਬੈਂਤ : ਭੀੜਾ ਆਣ ਇਨਸਾਨ ਤੇ ਜਦੋਂ ਬਣਦੀ ।
ਉਦੋਂ ਆਂਵਦਾ ਏ ਸਤਿਗੁਰ ਯਾਦ ਪੱਲ ਪੱਲ ।
ਰਹਿੰਦੀ ਪੱਤ ਨਾ ਜਦੋਂ ਸੀ ਨਜ਼ਰ ਆਈ,
ਕੂਕੀ ਦਰੋਪਤੀ ਕ੍ਰਿਸ਼ਨ ਮੁਰਾਰ ਪੱਲ ਪੱਲ ।
ਕੌੜਾ ਜਦੋਂ ਮਰਦਾਨੇ ਨੂੰ ਤਲਣ ਲਗਾ,
ਲਗਾ ਯਾਦ ਓਹ ਕਰਨ ਨਿਰੰਕਾਰ ਪੱਲ ਪੱਲ ।
ਰਾਏ ਸਿੰਘ ਦੇ ਸਾਥੀ ਨੂੰ ਸ਼ੇਰ ਖਾਧਾ,
ਕਹਿੰਦਾ ਰੱਖ ਲੈ ਚੀਨੀ ਅਸਵਾਰ ਪੱਲ ਪੱਲ ।

ਬੈਂਤ : ਉਤਮ ਸਿੰਘ ਵੀ ਅਜ ਕੁਰਲਾ ਰਹਿਆ,
ਵਡਪਰਤਾਪੀ ਜੀ ਹੁਣ ਤੇ ਆਓ ਦਾਤਾ ।
ਮੈਂ ਹਾਂ ਭੁਲਿਆ ਰੁਲਿਆ ਖਾਕ ਅੰਦਰ,
ਮੈਨੂੰ ਹੋਰ ਨਾ ਹੁਣ ਅਜ਼ਮਾਓ ਦਾਤਾ ।
ਲੇਖੇ ਕੀਆਂ ਮੇਰਾ ਨਹੀ ਥਾਂ ਕੋਈ,
ਮੇਰੇ ਅਵਗੁਣ ਨਾ ਮਨ ਤੇ ਲਿਆਉ ਦਾਤਾ ।
ਬਿਨਾਂ ਆਪ ਦੇ ਆਸਰਾ ਹੋਰ ਕੋਈ ਨਹੀਂ,
ਮੈਨੂੰ ਡੁਬ ਰਹੇ ਨੂੰ ਬੰਨੇ ਲਾਓ ਦਾਤਾ ।

ਬੈਂਤ : ਕੀਤੀ ਅਰਜ ਜਾਂ ਏਦਾਂ ਨਿਰਮਾਨ ਹੋ ਕੇ,
ਮੇਹਰਾਂ ਵਾਲੜੇ ਮੇਹਰਾ ਵਿਚ ਆ ਗਏ ਨੇ ।

ਸਬਜੇ ਘੋੜੇ ਤੇ ਹੋ ਅਸਵਾਰ ਸਤਿਗੁਰ,
ਉਤਮ ਸਿੰਘ ਨੂੰ ਦਰਸ ਦਖਾ ਗਏ ਨੇ ।
ਤੈਨੂੰ ਸੰਧਵੀਂ ਹੋਲਾ ਵਖਾਲਣਾ ਏ,
ਚੰਗੀ ਤਰਾਂ ਏਹ ਪੱਕ ਪਕਾ ਗਏ ਨੇ ।
ਡੁਬਾ ਸਿਖ ਸੀ ਗਮਾ ਦੇ ਸਾਗਰਾਂ ਵਿਚ,
ਪਾਰ ਕਰਨ ਦੇ ਲਈ ਚੱਪੂ ਲਾ ਗਏ ਨੇ ।

ਕਬਿਤ : ਕਰ ਕੇ ਦਰਸ਼ ਅਤੇ ਸੁਣ ਕੇ ਬਚਨ ਸਿਖ,
ਹੋ ਗਿਆ ਦਲੇਰ ਕਿਤੇ ਰਿਹਾ ਡਰ ਮਾਸਾ ਨਾ ।
ਪੱਲਕ ਦੇ ਦੀਦਾਰੇ ਏਉਂ ਰੋਗ ਸੋਗ ਦੂਰ ਕੀਤਾ,
ਪਾਣੀ ਵਿਚ ਰਖੀਏ ਜਿਉਂ ਠਹਿਰਦਾ ਪਤਾਸਾ ਨਾ ।
ਨੱਚਦਾ ਤੇ ਟੱਪਦਾ ਏ ਗਾਂਵਦਾ ਏ ਉੱਚੀ ਉੱਚੀ,
ਟੁੱਟ ਗਏ ਬੰਧਨ ਮੇਰੇ ਰਿਹਾ ਕੋਈ ਫਾਸਾ ਨਾ ।
ਸਾਥੀ ਨੇ ਹੈਰਾਨ ਕਹਿਣ ਸਾਡੀ ਵੀ ਅਰਜ ਕਰ,
ਜਿਨਾ ਤਾਈਂ ਅਜੇ ਤਕ ਮਿਲਿਆ ਦਲਾਸਾ ਨਾ ।

ਬੈਂਤ : ਉਤਮ ਸਿੰਘ ਨੂੰ ਸਾਥੀ ਨੇ ਕਹਿਣ ਲਗੇ,
ਸਾਡੇ ਉਤੇ ਵੀ ਕਰਮ ਕਮਾ ਕੋਈ ।
ਤੈਨੂੰ ਆਪ ਹੈ ਆਣ ਭਗਵਾਨ ਮਿਲਿਆ,
ਸਾਡੇ ਵਲੋਂ ਵੀ ਅਰਜ਼ ਸੁਣਾ ਕੋਈ ।

ਜਿਦਾ ਤੂੰ ਹੈ ਅਸੀਂ ਵੀ ਹੋਏ ਓਹਦੇ,
ਸਾਡੇ ਵਲੋਂ ਵੀ ਵਾਸਤਾ ਪਾ ਕੋਈ।
ਚਰਨ ਕਵਲਾਂ ਦੇ ਵਿਚ ਨਿਵਾਸ ਦੇਵੋ,
ਸਾਡੇ ਵਲੋਂ ਵੀ ਅਲੱਖ ਜਗਾ ਕੋਈ।

ਕਬਿਤ : ਤੁਸਾਂ ਵੀ ਜੇ ਬਚਨਾ ਏ ਸਾਥੀਆਂ ਨੂੰ ਆਖਦਾ ਏ,
ਪੁਛ ਕੇ ਭਜਨ ਕਰੋ ਲਾਓ ਜਰਾ ਦੇਰ ਨਾ।
ਸਤਿਗੁਰਾਂ ਪਾਸ ਕਰੋ ਰੋਜ਼ ਅਰਦਾਸ ਸਾਰੇ,
ਜਨਮ ਅਮੁਲਾ ਕਿਤੇ ਮਿਲਨਾ ਏਹ ਫੇਰ ਨਾ।
ਓਹ ਹੈ ਬਖਸ਼ਿੰਦ ਬਿੰਦ ਲਾਵਦਾ ਨਹੀ ਬਖਸਣੇ ਨੂੰ,
ਓਹਦੀ ਦਰਗਾਹ ਦੇ ਵਿਚ ਹੁੰਦਾ ਹੇਰ ਫੇਰ ਨਾ।
ਰਿਧਾ ਨਿਥਾ ਸਿਧਾ ਸਭ ਖੜੀਆਂ ਦਵਾਰ ਓਹਦੇ,
ਵਿਸ਼ਨੂੰ ਬਰ੍ਹਮਾਂ ਓਹਦੀ ਲੋਚਦੇ ਪਰੇਰਲਾ।

ਬੈਂਤ : ਉਤਮ ਸਿੰਘ ਤੋਂ ਪੁਛਕੇ ਭਜਨ ਸ਼ਾਥੀ
ਸਵਾਸ ਸਵਾਸ ਦੇ ਨਾਲ ਨੇ ਕਰਨ ਲਗੇ।
ਗੁਰੂ ਚਰਨਾ ਦੇ ਨਾਲ ਪ੍ਰੀਤ ਲਾ ਕੇ,
ਖੋਟੇ ਕਰਮਾ ਦੀ ਰਾਸ ਨੂੰ ਹਰਨ ਲਗੇ।
ਕੂੜ ਕਪਟ ਹੰਕਾਰ ਨੂੰ ਦੂਰ ਕਰ ਕੇ,
ਪੌੜੀ ਸਚ ਦੀ ਤੇ ਪੈਰ ਧਰਨ ਲਗੇ।

ਦੁਨੀਆ ਆਖਦੀ ਵਡਾ ਪ੍ਰਤਾਪ ਜਿਸ ਦਾ,
ਚਰਨ ਓਸ ਪਿਆਰੇ ਦੇ ਫੜਨ ਲਗੇ ।

ਕਬਿਤ : ਹੋਲਿਓ ਸੀ ਪਹਿਲਾਂ ਪੈ ਗਈ ਬਦਲ ਕੇ ਤਰੀਖ ਫੇਰ,
ਹੋ ਗਏਆ ਪੇਸ਼ ਸਭ ਗੁਰਾਂ ਦੇ ਸਹਾਰੇ ਜੀ ।
ਸ਼ਿਸ਼ਨ ਦੀ ਨਾ ਪੇਸ਼ ਗਈ ਗੁਰਾਂ ਦੇ ਬਚਨ ਅਗੇ,
ਆਉਂਦਿਆਂ ਹੀ ਕੀਤੇ ਝਟ ਬਰੀ ਉਸ ਸਾਰੇ ਜੀ ।
ਏਥੋਂ ਉਹ ਸੰਧਵੀਂ ਸੀ ਪਹੁੰਚ ਗਏ ਹੋਲੇ ਸਭ,
ਵੱਡ ਪ੍ਰਤਾਪੀ ਜੀ ਦੇ ਕੀਤੇ ਜਾ ਦੀਦਾਰੇ ਜੀ ।
ਸ਼ਾਨ ਹੈ ਮਹਾਨ ਕੀ ਬਿਆਨ ਕਰਾਂ ਸੇਵਾਦਾਰਾ,
ਬਾਰ ਬਾਰ ਬੰਦਨਾ ਹੈ ਗੁਰਾਂ ਦੇ ਦਵਾਰੇ ਜੀ ।

ਕਬਿਤ : ਤੂੰ ਹੈ ਬੇਅੰਤ ਅੰਤ ਪਾਵਣਾ ਸਿਆਣਿਆਂ ਕੀ,
ਵਡਾ ਪ੍ਰਤਾਪ ਤੇਰਾ ਵਡਾ ਹੈ ਮਰਤਬਾ ।
ਗੁਣ ਨੇ ਅਨੇਕ ਅੰਤ ਪਾ ਥਕੇ ਸ਼ੇਸ਼,
ਕੋਈ ਜਾਂਵਦੀ ਨਾ ਪੇਸ਼ ਨੇ ਨਿਆਰੇ ਤੇਰੇ ਕਰਤਬਾ।
ਖੁਸ਼ੀਆ ਲੁਟਾਵੇਂ ਜਾਨ ਮੁਰਦਿਆਂ ਚ ਪਾਵੇਂ,
ਓਹਦੀ ਵਿਗੜੀ ਬਣਾਵੇਂ ਜੋ ਸ਼ਰਨ ਤੇਰੀ ਪੜਤਬਾ ।
ਤੇਰਾ ਨਾਮ ਜੋ ਧਿਆਵੇ ਸ਼ਭ ਬੰਧਨ ਕਟਾਵੇ,
ਸੇਵਾਦਾਰ ਕਹਿ ਸੁਣਾਵੇ ਜੂਨੀ ਫੇਰ ਨ ਪਰਤਬਾ ।

ਚਿਤਰੇ ਤੋ ਰੱਖਿਆ

ਬੈਂਤ : ਵੱਡ ਪਰਤਾਪੀ ਜੀ ਇਕ ਦਿਨ ਮੌਜ਼ ਅੰਦਰ,
ਮੰਡੀ ਬੈਠੇ ਹੋਇ ਇੰਝ ਫੁਰਮਾਨ ਲਗੇ ।
ਸੁਬ੍ਹਾ ਸਾਰ ਸਕੇਤ ਮੈਂ ਪਹੁੰਚਣਾ ਏ,
ਸਤਿਗੁਰ ਸੇਵਕਾਂ ਤਾਈਂ ਸਮਝਾਨ ਲਗੇ ।
ਰੱਤੀ ਖੰਡ ਤੋਂ ਅਗੇ ਨਾ ਜਾਏ ਮੋਟਰ,
ਸਿਖ ਭੇਜ ਕੇ ਘੋੜੇ ਮੰਗਵਾਨ ਲਗੇ ।
ਕਿਹੜਾ ਜਾਣਦਾ ਕਰਤੇ ਦੀ ਖੇਡ ਤਾਂਈ,
ਕੀਹ ਕਰਨ ਤੇ ਕੀਹ ਕਰਾਨ ਲਗੇ ।

ਬੈਂਤ : ਦਲੀਪ ਸਿੰਘ ਚੁਗਾਂਵੇਂ ਦੇ ਰਹਿਣ ਵਾਲਾ,
ਸਚੇ ਪਾਤਸ਼ਾਹਾ ਉਹਨੂੰ ਬੁਲਾਇਆ ਏ ।
ਤੱਤ ਛਿਣ ਤੂੰ ਸਿੱਖਾ ਤਿਆਰ ਹੋ ਜਾ,
ਰੱਬੀ ਨੂਰ ਨੇ ਮੁਖੋਂ ਫੁਰਮਾਇਆ ਏ ।
ਗੱਜਣ ਸਿੰਘ ਨੂੰ ਨਾਲ ਲੈ ਲਿਆਂਈ ਘੋੜੇ,
ਰੱਤੀ ਖੱਡ ਤਕ ਗੁਰਾਂ ਸੁਣਾਇਆ ਏ ।

ਬੱਦਲ ਗਰਜ਼ਦਾ ਤੇ ਬਿਜਲੀ ਕੜਕਦੀ ਸੀ,
ਸਮਾਂ ਰਾਤਰੀ ਦਾ ਸ਼ਿਰ ਤੇ ਆਇਆ ਏ ।

ਬੈਂਤ : ਜਿਨ੍ਹਾਂ ਪ੍ਰੀਤ ਭਗਵਾਨ ਦੇ ਨਾਲ ਲਾਈ,
ਹੋਵੇ ਹੁਕਮ ਤੇ ਨਹੀਂ ਵਿਚਾਰ ਕਰਦੇ ।
ਖੂਨੀ ਹਾਥੀ ਦੇ ਸਾਹਮਣੇ ਹੋਣ ਝਬਦੇ,
ਨਹੀ ਪ੍ਰਾਣਾਂ ਦੇ ਨਾਲ ਪਿਆਰ ਕਰਦੇ ।
ਹੋਵੇ ਯਾਰ ਬੰਦੂਕ ਚਲਾਵਣੀ ਜੇ,
ਪ੍ਰੇਮੀ ਗੋਲੀ ਤੋਂ ਜਾਨ ਨਿਸ਼ਾਰ ਕਰਦੇ ।
ਸੇਵਾਦਾਰਾ ਪ੍ਰੇਮ ਦਾ ਦੂਰ ਪੇਂਡਾ,
ਪ੍ਰੇਮੀ ਪੈਂਡਾ ਏਹ ਸਿਰਾਂ ਦੇ ਭਾਰ ਕਰਦੇ ।

ਬੈਂਤ : ਰਸਤਾ ਜੰਗਲੀ ਨਾਲੇ ਪਹਾੜੀਆਂ ਸਨ,
ਸਿੱਖ ਤੁਰ ਪਿਆ ਖੁਸ਼ੀ ਕਮਾਉਣ ਖਾਤਰ ।
ਸਾਈਕਲ ਲੈ ਲਿਆ, ਲਈਆਂ ਟਾਰਚਾਂ ਦੋ,
ਸਿੱਖ ਤੁਰ ਪਿਆ ਪੰਧ ਮੁਕਾਉਣ ਖਾਤਰ ।
ਵਾਹੋ ਦਾਹੀ ਓਹ ਸਾਈਕਲ ਦਬਾਈ ਜਾਵੇ,
ਜਾ ਕੇ ਗੁਰਾਂ ਲਈ ਘੋੜੇ ਲਿਆਉਣ ਖਾਤਰ ।
ਅਚੱਨ-ਚੇਤ ਇਕ ਚਿਤਰਾ ਖੜਾ ਅਗੇ,
ਦਲੀਪ ਸਿੰਘ ਨੂੰ ਮਾਰ ਮੁਕਾਉਣ ਖਾਤਰ ।

ਕਬਿਤ : ਪੰਜ਼ ਮੀਲ ਸੀ ਸਿੱਖ ਅਜੇ ਮੰਡੀਓਂ ਗਿਆ ਅਗੇ,
ਆਣ ਓਹਨੂੰ ਜਦੋਂ ਅਗੋਂ ਚਿਤਰੋ ਨੇ ਘੇਰਿਆ ।
ਰੁਕ ਗਿਆ ਸਾਈਕਲ ਤੇ ਸੁਕ ਗਿਆ ਸਾਹ ਸਤ,
ਵੇਖਿਆ ਜਾਂ ਅਗੇ ਹੋ ਕੇ ਖੜਾ ਓਸ ਦਲੇਰ ਆ ।
ਫੁਰ ਪਿਆ ਭਜਨ ਤੇ ਚਲ ਪਈ ਜਬਾਨ ਝਟ,
ਟੱਕ ਟੱਕ ਚਲੇ ਜਿਵੇਂ ਘੜੀਆਂ ਦਾ ਗੇੜ ਆ ।
ਕੱਢੀਆਂ ਸੁ ਟਾਰਚਾਂ ਤੇ ਬਟਨ ਦਬਾਏ ਦੋਵੇ,
ਐਸੀ ਪਈ ਲਾਈਟ ਉਹ ਦੌੜਾ ਮੂੰਹ ਫੇਰ ਆ ।

ਕਬਿਤ : ਹੋਇ ਕੇ ਦਲੇਰ ਸਿਖ ਸਾਈਕਲ ਸੰਭਾਲ ਫੇਰ
ਤੁਰ ਪਿਆ ਅਗੇ ਮੂਲ ਪਿਛੇ ਨਹੀ ਮੁੜਿਆ ।
ਹੁਕਮ ਹੈ ਜਰੂਰੀ ਲੈ ਕੇ ਘੋੜੇ ਮੈਂ ਜਰੂਰ ਆਊਣੇ,
ਹੁਕਮ ਦੇ ਲੋਰ ਵਿਚ ਜਾਵੇ ਸਿਖ ਤੁਰਿਆ ।
ਨਿਗ੍ਹਾ ਹੈ ਚੁਫੇਰੇ ਮਤਾਂ ਫੇਰ ਕਿਤੇ ਆਣ ਘੇਰੇ,
ਲਈਂਦਾ ਈ ਬਿੜਕਾਂ ਓਹ ਜਾਵੇ ਸਿਖ ਝੂਰਿਆ ।
ਚਿਤਰੈ ਵੀ ਸਿਖ ਦਾ ਖਿਆਲ ਮੂਲ ਛਡਿਆ ਨਾ,
ਘੇਰ ਲਿਆ ਫੇਰ, ਸਿੱਖ ਮੋੜ ਜਦੋਂ ਮੁੜਿਆ ।

ਕਬਿਤ : ਕਢ ਝਟ ਬੈਟਰੀਆਂ ਜਗਾਈਆਂ ਸਿਖ ਫੇਰ ਦੋਵੇਂ,
ਇਕ ਬੈਟਰੀ ਦਾ ਉਥੇ ਗਿਆ ਬਲਬ ਸੜ ਆ ।

ਛਡ ਦਿਤਾ ਰਾਹ ਅਗੋਂ ਫੇਰ ਉਸ ਚਿਤਰੇ ਨੇ,
ਸਿਖ ਅਗੇ ਤੁਰਿਆ ਧਿਆਨ ਗੁਰ ਧਰ ਆ ।
ਅਧ ਮੀਲ ਓਥੋਂ ਅਗੇ ਗਿਆ ਮਸਾਂ ਸਿਖ ਹੋਸੀ,
ਚਿਤਰਾਂ ਓਹ ਫੇਰ ਅਗੇ ਗਿਆ ਆ ਕੇ ਖੜ੍ਹ ਆ ।
ਬਾਰ ਬਾਰ ਬੈਟਰੀ ਜਗਾਈ ਸਿਖ ਫੇਰ ਬੜੀ,
ਓਹ ਹਟਿਆ ਨਾ ਅਗੇ ਮੂਲ ਰਿਹਾ ਓਥੇ ਅੜਿਆ ।

ਬੈਂਤ : ਮੁਕ ਗਈ ਸਿਖ ਨੂੰ ਜਿਊਂਣ ਦੀ ਆਸ ਸਾਰੀ,
ਆਖੇ ਜੀਵਨ ਹੁਣ ਘੜੀ ਦੀ ਘੜੀ ਹੈ ਜੀ ।
ਨਹੀ ਆਸਰਾ ਹੋਰ ਕੋਈ ਗੁਰਾਂ ਬਾਝੋਂ,
ਮੌਤ ਸਾਹਮਣੇ ਅਖਾਂ ਦੇ ਖੜੀ ਹੈ ਜੀ ।
ਨਹੀ ਮੈਂ ਗੁਰਾਂ ਦਾ ਹੁਕਮ ਬਜਾ ਸਕਣਾ,
ਚਿੰਤਾ ਚਿਖਾ ਵਿਚ ਜਿੰਦੜੀ ਵੜੀ ਹੈ ਜੀ ।
ਉਛੱਲ ਉਛੱਲ ਮਨ ਸਤਿਗੁਰਾਂ ਵਲ ਦੌੜੇ,
ਜਿਵੇਂ ਕਾਂਗ ਦਰਿਆ ਦੀ ਚੜੀ ਹੈ ਜੀ ।

ਬੈਂਤ : ਸਚੇ ਪਾਤਸ਼ਾਹਾ ਏਥੇ ਜੇ ਮਰ ਗਿਆ ਮੈਂ,
ਗਜੱਣ ਸਿੰਘ ਕੋਲ ਕਿਸੇ ਨੇ ਜਾਵਣਾ ਨਹੀਂ ।
ਓਹਨੂੰ ਖਬਰ ਨਾ ਆਪਣੇ ਆਪ ਹੋਣੀ,
ਕਿਸੇ ਜਾ ਕੇ ਉਸਨੂੰ ਬਤਾਵਣਾਂ ਨਹੀਂ ।

ਤੁਸਾਂ ਖਡ ਤੇ ਸਾਨੂੰ ਉਡੀਕਣਾ ਏ,

ਅਸਾਂ ਲੈ ਘੋੜੇ ਅਗੋਂ ਆਵਣਾ ਨਹੀਂ

ਏਹੋ ਜਹੀ ਜੇ ਵਰਤ ਗਈ ਖੇਡ ਦਾੜਾ,

ਲਾਜ ਤੁਸਾਂ ਨੂੰ ਮੇਰਾ ਕੁਝ ਜਾਵਣਾ ਨਹੀਂ ।

ਬੈਂਤ : ਤੁਸਾਂ ਲਾਜ ਪਖੰਡੀ ਦੀ ਰਖ ਲਈ ਸੀ,

ਲਿਆ ਆਪ ਦਾ ਭਖ ਜਿਸ ਧਾਰ ਸਤਿਗੁਰ ।

ਹਾਥੀ ਅਗੇ ਕਬੀਰ ਨੂੰ ਸੁਟਿਆ ਜਾਂ

ਲਿਆ ਓਸ ਨੂੰ ਤੁਸਾਂ ਉਬਾਰ ਸਤਿਗੁਰ ।

ਨਾਮੇ ਤਾਈ ਸੁਲਤਾਨ ਜਾਂ ਕੋਹਣ ਲਗਾ,

ਆਏ ਝਟ ਹੋ ਗਰੜ ਅਸਵਾਰ ਸਤਿਗੁਰ ।

ਤੱਤੇ ਥੰਮਾ ਨਾਲ ਜਦੋਂ ਪ੍ਰਲਾਦ ਲਾਇਆ,

ਤੁਸਾਂ ਦਿਤਾ ਹਰਨਾਕਸ਼ ਨੂੰ ਫਾੜ ਸਤਿਗੁਰ ।

ਜਦੋਂ ਤੰਦੂਲੇ ਹਾਥੀ ਨੂੰ ਜਕੜ ਲੀਤਾ,

ਤੁਸਾਂ ਓਸ ਦੀ ਸੁਣੀ ਪੁਕਾਰ ਸਤਿਗੁਰ ।

ਕੌਡਾ ਦਦੋਂ ਮਰਦਾਨੇ ਨੂੰ ਤਲਣ ਲਗਾ,

ਦਿਤਾ ਤੁਸਾਂ ਜਾ ਝਟ ਦੀਦਾਰ ਸਤਿਗੁਰ ।

ਬਿਪਤਾ ਬਣੀ ਤਰਲੋਕੇ ਤੇ ਬੜੀ ਆਕੇ,

ਦਿਤਾ ਹੋਣ ਨਾ ਤੁਸਾਂ ਖਵਾਰ ਸਤਿਗੁਰ ।

ਰੁਸਤਮ ਰਾਏ ਬਾਲਾ ਜਾ ਪੁਕਾਰ ਕੀਤੀ,
ਲੈ ਗਏ ਕਿਲੇ ਚੋਂ ਤੁਸੀ ਉਡਾਰ ਸਤਿਗੁਰ ।
ਰਾਏ ਸਿੰਘ ਰੋਇਆ ਗੋਹਬਰ ਬਣ ਅੰਦਰ,
ਤੁਸੀਂ ਆਏ ਝਟ ਚੀਨੀ ਅਸਵਾਰ ਸਤਿਗੁਰ ।
ਹੁਣ ਤੇ ਪਉਣ ਅਸਵਾਰ ਹੀ ਆਓ ਪ੍ਰੀਤਮ,
ਸੇਵਾਦਾਰ ਹੈ ਬਹੁਤ ਲਾਚਾਰ ਸਤਿਗੁਰ ।

ਬੈਂਤ ਕਰ ਕੇ ਆਸ ਜਾਂ ਹਿਖ ਅਰਦਾਸ ਕੀਤੀ,
ਵੱਡ ਪ੍ਰਤਾਪੀ ਜੀ ਹੋਏ ਪ੍ਰਤੱਖ ਝੱਟ ਪੱਟ ।
ਜਦੋਂ ਵੇਖਿਆ ਸਿਖ ਘਬਰਾ ਗਿਆ ਏ,
ਧਰਿਆ ਮੋਂਚੇ ਤੇ ਸਤਿਗੁਰਾਂ ਹਥ ਝੱਟ ਪੱਟ ।
ਲਗਾ ਹੱਥ ਸਿਖ ਹੋਰ ਨਢਾਲ ਹੋਇਆ,
ਖਾਉਰ ਚਿੱਤਰੇ ਲਾਇਆ ਏ ਫਟ ਝੱਟ ਪੱਟ ।
ਅਖਾਂ ਖੋਲੀਆਂ ਤੇ ਨੂਰੋ ਨੂਰ ਹੋਇਆ,
ਗਿਆ ਡਰ ਸਭ ਮਨ ਦਾ ਲਥ ਝੱਟ ਪੱਟ ।

ਬੈਂਤ : ਸਚੇ ਪਾਤਸ਼ਾਹਾ ਹੱਸ ਕੇ ਕਹਿਣ ਲਗੇ,
ਦਲੀਪ ਸਿੰਘ ਕਿਉਂ ਏਨਾ ਘਬਰਾਵਣਾ ਆਂ ।
ਤੈਨੂੰ ਚਿਤਰਾ ਕੁਝ ਨ ਆਖਦਾ ਏ,
ਪਿਆ ਕਾਸ ਨੂੰ ਤੂੰ ਗੋਤੇ ਖਾਵਨਾ ਆਂ ।
ਢਹਿ ਕੇ ਚਰਨਾਂ ਤੇ ਸਿਖ ਕਰ ਸ਼ੁਕਰ ਕਹਿੰਦਾ,
ਬਾਰ ਬਾਰ ਬਲਹਾਰਨੇ ਜਾਵਨਾਂ ਆਂ ।
ਸੇਵਾਦਾਰੀ ਗੁਰ ਚਰਨਾ ਕੀ ਮਿਲੇ ਜਿਸ ਨੂੰ,
ਓਹਨੇ ਹੋਰ ਕੀਹ ਜੱਗ ਵਿਚ ਪਾਵਨਾ ਹਾਂ ।

ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਇੰਗਲੈਂਡ ਵਿਚ ਬਾਰਸ਼

ਬੈਂਤ : ਸੋਕਾ ਪਿਆ ਇੰਗਲੈਂਡ ਦੇ ਵਿਚ ਆ ਕੇ,
ਦੋ ਸਾਲ ਤੋਂ ਬਾਰਸ਼ ਨ ਹੋਈ ਹੈ ਸੀ ।
ਚਸ਼ਮੇ ਸੁਕ ਗਏ ਸੁਕ ਦਰਯਾ ਗਏ,
ਹਰਿਆ ਬੂਟਾ ਨ ਦਿਸਦਾ ਕੋਈ ਹੈ ਸੀ ।
ਪਸ਼ੂ ਪੰਛੀਆਂ ਦਾ ਜਿਊਂਣਾ ਹੋਇਆ ਔਖਾ,
ਕਰਤੇ ਬਿਨਾ ਨਾ ਜਿਨਾ ਦਾ ਕੋਈ ਹੈ ਸ਼ੀ ।
ਚੁਕ ਚੁਕ ਬੂਥੀਆਂ ਉਤਾਂ ਨੂੰ ਵੇਖਦੇ ਨੇ,
ਅਉਖੀ ਜਿਨਾਂ ਦੀ ਜਿੰਦੜੀ ਹੋਈ ਹੈ ਸੀ ।
ਆਖੰਣ ਸਭਨਾਂ ਜੀਆਂ ਦੇ ਦਾਤਿਆ ਜੀ,
ਬਿਨਾ ਆਪ ਦੇ ਸਾਨੂੰ ਨਹੀ ਆਸ ਕੋਈ ।
ਐਸਾ ਮੇਹਰ ਵਿਚ ਆਣ ਕੇ ਮੀਂਹ ਪਾ ਦੇ,
ਰਹੇ ਕਿਸੇ ਦੇ ਮਨ ਨ ਪਿਆਸ ਕੋਈ ।

ਬੈਂਤ : ਦੂਜੇ ਬੰਨੇ ਮਨੁਖਤਾ ਦਾ ਹਾਲ ਵੇਖੋ,
ਥੁੜੋਂ ਪਾਣੀ ਦੀ ਕਿਵੇਂ ਸਤਾਵੰਦੀ ਏ ।

ਮਿਲਦਾ ਮਾਪ ਕੇ ਬੋਤਲਾਂ ਵਿਚ ਪਾਣੀ,
ਜੰਤਾ ਉਠ ਕੇ ਮੂਲ ਨਾ ਨ੍ਹਾਂਵਦੀ ਏ ।
ਗਰਮੀ ਨਾਲ ਕਈ ਤੜਫ ਕੇ ਪ੍ਰਾਨ ਦੇ ਰਹੇ,
ਪੇਸ਼ ਜਿਨ੍ਹਾਂ ਦੀ ਮੂਲ ਨਾ ਜਾਂਵਦੀ ਏ ।
ਸੇਵਾਦਾਰਾ ਸਰਕਾਰ ਹੋ ਦੁਖੀ ਆਖਰ,
ਰਾਸ਼ਨ ਕਾਰਡਾਂ ਤੇ ਪਾਣੀ ਵਰਤਾਂਵਦੀ ਏ ।
ਜਾਂਦੀ ਪੇਸ਼ ਨ ਵੇਖ ਸਰਕਾਰ ਬੋਲੀ,
ਕਰੋ ਗਾਡ ਦੇ ਅਗੇ ਦੁਆ ਕੋਈ ।
ਇਕ ਵਾਰ ਤੇ ਦੇਸ਼ ਵਿਚ ਮੀਂਹ ਪਾ ਦਏ,
ਜਿਵੇਂ ਮੰਨਦੈ ਲਵੋ ਮਨਾ ਕੋਈ ।

ਬੈਂਤ : ਗੋਰੇ ਗਿਰਜ਼ਿਆਂ ਵਿਚ, ਹਿੰਦੂ ਮੰਦਰਾਂ ਵਿਚ,
ਮੁਸਲਮਾਨ ਮਸੀਤਾਂ ਵਿਚ ਜਾਂਵਦੇ ਨੇ ।
ਸਿਖ ਹੋ ਕੱਠੇ ਗੁਰਦਵਾਰਿਆਂ ਵਿਚ,
ਹੱਥ ਜੋੜ ਕੇ ਵਾਸਤੇ ਪਾਂਵਦੇ ਨੇ ।
ਇਕੋ ਆਸ ਲੈ ਸਾਰੇ ਹੀ ਮਨਾ ਅੰਦਰ,
ਆਪੋ ਆਪਣੀ ਬੋਲੀ ਵਿਚ ਗਾਂਵਦੇ ਨੇ ।
ਉਤ੍ਹਾਂ ਮੂੰਹ ਕਰ ਕਈ ਪਹਾੜ ਚੜ ਕੇ,
ਗੋਲੇ ਬੰਬ ਬੰਦੂਕਾਂ ਚਲਾਂਵਦੇ ਨੇ ।

ਨਚੱਣ ਕਈ ਬਜਾਰਾਂ ਵਿਚ ਹੋ ਨੰਗੇ,
ਆਖਣ ਅਸਾਂ ਦੀ ਪੱਤ ਬਚਾ ਰੱਬਾ ।
ਗੋਤੇ ਖਾਂਵਦਾ ਗਮਾਂ ਵਿਚ ਦੇਸ਼ ਸਾਰਾ,
ਹੁਣ ਤੇ ਆਪ ਆ ਕੇ ਮੀਂਹ ਪਾ ਰੱਬਾ ।

ਬੈਂਤ : ਐਸਾ ਪਿਆ ਕੁਰਲਾਹਟ ਇੰਗਲੈਂਡ ਅੰਦਰ,
ਕਰਦੇ ਯਾਦ ਨੇ ਸਾਰੇ ਪਰਮਾਤਮਾ ਨੂੰ ।
ਆਖਣ ਦੇ ਪਾਣੀ ਸਭ ਵਿਚ ਜਾਨ ਪਾ ਦੇ,
ਹੁਣ ਤੇ ਦੂਰ ਕਰ ਦੇਸ਼ ਚੋ ਮਾਤਮਾ ਨੂੰ ।
ਧਰਤ ਮਾਤ ਵੀ ਦੇਣ ਦੁਹਾਈ ਲਗੀ
ਆਖੇ ਠੰਡ ਪਾ ਦੇ ਮੇਰੀ ਆਤਮਾ ਨੂੰ ।
ਹੁਣ ਤੇ ਪੱਲ ਨ ਪ੍ਰੀਤਮਾ ਚੈਨ ਆਵੇ,
ਲੈ ਕੇ ਨਾਲ ਆ ਛੇਤੀ ਬਰਸਾਤ੍ਰਮਾ ਨੂੰ ।
ਸਿਰਜਨਹਾਰ ਦਾਤਾਰ ਜੋ ਸਬਸ ਦਾ ਏ,
ਓਸਦੇ ਦਰ ਤੇ ਸਭ ਦੀ ਹੂਕ ਪਹੁੰਚੀ ।
ਜਦੋਂ ਪਾਤਸ਼ਾਹਾ ਕਰਨ ਲਈ ਤੁਰ ਦੌਰਾ,
ਬੇਅੰਤ ਚਰਨਾ ਵਿਚ ਦੁਖੀਆਂ ਦੀ ਕੂਕ ਪਹੁੰਚੀ ।

ਬੈਂਤ : ਏਅਰ ਇੰਡੀਆ ਤੇ ਹੋ ਅਸਵਾਰ ਸਤਿਗੁਰ,
ਪਹਿਲਾਂ ਵਿਚ ਅਮਰੀਕਾ ਦੇ ਜਾਂਵਦੇ ਨੇ ।

ਰਬੋਂ ਭੁਲਿਆਂ ਤੇ ਰਾਹੋਂ ਭਟਕਿਆਂ ਨੂੰ,
ਸਿੱਧਾ ਰੱਬ ਦਾ ਰਾਹ ਦਿਖਾਵੰਦੇ ਨੇ ।
ਸਤਿਗੁਰ ਸਭਸ ਦਾ ਭਲਾ ਮਨਾਉਣ ਵਾਲੇ,
ਓਥੋਂ ਚਰਣ ਕਨੇਡਾ ਵਿਚ ਪਾਂਵਦੇ ਨੇ ।
ਜੀਅ ਦਾਨ ਦੇਂਦੇ ਭਾਗਾ ਵਾਲਿਆਂ ਨੂੰ,
ਨਾਮ ਦਾਨ ਇਸ਼ਨਾਨ ਦ੍ਰਿੜ੍ਹਾਂਵਦੇ ਨੇ ।
ਮਾਲਕ ਰਜ਼ਾ ਦੇ ਏਥੋ ਤਿਆਰ ਹੋ ਪਏ,
ਇੰਗਲਸਤਾਂਨ ਅੰਦਰ ਚਰਨ ਪੌਣ ਦੇ ਲਈ ।
ਹਵਾਈ ਅੱਡੇ ਤੇ ਸੰਗਤਾਂ ਪਹੁੰਚ ਗਈਆਂ,
ਅਪਣੇ ਪ੍ਰੀਤਮ ਨੂੰ ਅਗੋ ਲਿਆਉਣ ਦੇ ਲਈ ।

ਬੈਂਤ : ਦੂਜੇ ਬੰਨੇ ਕਈ ਈਰਖਾ ਕਰਨ ਵਾਲੇ,
ਨਿੰਦਾ ਕਰਨ ਦੇ ਢੰਗ ਬਣਾ ਰਹੇ ਸਨ ।
ਸੋਧਾ ਸਤਿਗੁਰਾਂ ਦੀ ਵੇਖ ਸਕਦੇ ਨਾ,
ਪਏ ਮਨਾਂ ਅੰਦਰ ਕਲਪਾ ਰਹੇ ਸਨ ।
ਸਤਿਗੁਰ ਕੂਕਿਆਂ ਦੇ ਆ ਰਹੇ ਕਰਨ ਬਾਰਸ਼,
ਸਾਰੇ ਦੇਸ਼ ਅੰਦਰ ਰੌਲਾ ਪਾ ਰਹੇ ਸਨ ।
ਸਿਰਜਣਹਾਰ ਨਿਰੰਕਾਰ ਨਾਲ ਈਰਖਾ ਕਰ,
ਪਏ ਅਪਣਾ ਜਨਮ ਗਵਾ ਰਹੇ ਸਨ ।
ਸੁਣ ਕੇ ਗਲ ਏਹ ਗੁਰੂ ਜੀ ਹੋਏ ਗੁਸੇ,
ਕਦੇ ਭੂਲ ਕੇ ਵੀ ਏਦਾ ਕਹੀ ਦਾ ਨਹੀ ।

ਰਹੀਏ ਮਾਲਕ ਦੀ ਰਜ਼ ਵਿਚ ਸਦਾ ਰਾਜੀ,
ਓਹਦੇ ਕੰਮ ਅੰਦਰ ਦਖੱਲ ਦਈ ਦਾ ਨਹੀ ।

ਬੈਂਤ : ਸੁਣ ਕੇ ਦੋਖੀਆਂ ਵਲੋਂ ਐਲਾਨ ਐਸਾ,
ਸਾਇੰਸਦਾਨ ਵੀ ਸੋਚ ਦਰੜਾ ਰਹੇ ਨੇ ।
ਕਿਵੇਂ ਹੋਵੇਗੀ ਬਾਰਸ਼ ਨਹੀ ਸਮਝ ਆਊਂਦੀ,
ਨਜ਼ਰ ਬਾਰਸ਼ ਦੇ ਢੰਗ ਨਾ ਆ ਰਹੇ ਨੇ ।
ਕਰ ਕਰ ਯਤਨ ਥਕੇ ਬਾਰਸ਼ ਕਰਨ ਖਾਤਰ,
ਕਿਸੇ ਅਰਥ ਨਾ ਯਤਨ ਸਭ ਆ ਰਹੇ ਨੇ ।
ਸਾਡੇ ਤਜਰਬਿਆਂ ਵਿਚ ਨਾ ਫਰਕ ਕੋਈ,
ਏਹ ਸਭ ਥੋਥੇ ਐਲਾਨ ਸੁਣਾ ਰਹੇ ਨੇ ।
ਆਖਰ ਕੀਤਾ ਐਲਾਨ ਸੀ ਸਾਂਇਸਦਾਨਾਂ,
ਏਸ ਗਲ ਤੇ ਸਾਨੂੰ ਇਤਬਾਰ ਹੀ ਨਹੀਂ ।
ਖੋਜ ਕੀਤਿਆ ਸਾਡਾ ਹਿਸਾਬ ਦੱਸੇ,
ਬਾਰਸ਼ ਹੋਣ ਦੇ ਅਜੇ ਆਸਾਰ ਹੀ ਨਹੀ ।

ਬੈਂਤ : ਭਾਵੇਂ ਲੱਖਾਂ ਅਮਰੀਕਾ ਦੇ ਉਡਨ ਰਾਕਟ,
ਫੁਰਨੇ ਨਾਲੋਂ ਵੀ ਤੇਜ਼ ਰਫਤਾਰ ਹੋਵੇ ।
ਪਰਲੋ ਤੀਕ ਵੀ ਉਡਦੇ ਰਹਿਣ ਭਾਵੇ,
ਸਾਇੰਸਦਾਨਾ ਦੀ ਮਗਰ ਭਰਮਾਰ ਹੋਵੇ ।

ਮੇਰੇ ਦਾਤਿਆ ਆਪ ਦੀ ਖੋਜ ਅੰਦਰ,
ਸੇਵਾਦਾਰ ਬਣ ਜੁਟਾ ਸੰਸਾਰ ਹੋਵੇ ।
ਤੂੰ ਬੇਅੰਤ ਹੈ ਤੇਰੀਆਂ ਕੁਦਰਤ ਚੋਂ,
ਇਕ ਰਾਈ ਦਾ ਨਾ ਸੁਮਾਰ ਹੋਵੇ ।

ਬੈਂਤ : ਹੱਥ ਜੋੜ ਕੇ ਸਿਖਾ ਨੇ ਅਰਜ਼ ਕੀਤੀ,
ਕਰੋ ਮੇਹਰ ਹੁਣ ਦੀਨ ਦਇਆਲ ਸਤਿਗੁਰ ।
ਦਗਾ ਦੋਖੀਆਂ ਨੇ ਕੀਤਾ ਨਾਲ ਸਾਡੇ,
ਰੌਲਾ ਪਾ ਕੇ ਵਿਚ ਸੰਸਾਰ ਸਤਿਗੁਰ ।
ਬਾਰਸ਼ ਹੋਈ ਨਾ ਤੇ ਹੋਣੀ ਨਿੰਦਿਆ ਏ,
ਜੀਣਾ ਅਸਾਂ ਦਾ ਹੋਸੀ ਦੁਸ਼ਵਾਰ ਸਤਿਗੁਰ ।
ਤਿੰਨੇ ਲੋਕ ਹਨ ਆਪ ਦੇ ਵਸ ਦਾਤਾ,
ਕਰੋ ਮੇਹਰ ਹੋਵੇ ਜੈ ਜੈ ਕਾਰ ਸਤਿਗੁਰ ।
ਸੁਣ ਕੇ ਦੁਖੀਆਂ ਦੀ ਬੇਨਤੀ ਦਇਆ ਆ ਗਈ,
ਪੰਡਤ ਜੀ ਨੂੰ ਹੁਕਮ ਸੁਣਾਂਵਦੇ ਨੇ ।
ਕਰੋ ਅਰਦਾਸ ਨਹੀ ਓਸ ਦੇ ਘਰ ਘਾਟਾ,
ਜੱਲ ਥੱਲ ਕਰ ਹੜ ਵਗਾਂਵਦੇ ਨੇ ।

ਬੈਂਤ : ਦੌੜੀ ਖੁਸ਼ੀ ਦੀ ਲੇਹਰ ਸਭ ਮਨਾ ਅੰਦਰ,
ਆ ਗਈ ਮੁਰਦਿਆ ਰੂਹਾਂ ਵਿਚ ਜਾਨ ਝਟ ਪੱਟ ।

ਪਾਣੀ ਪੀਣ ਨੂੰ ਵੀ ਜੇਹੜੇ ਤਰਸਦੇ ਸੀ,
ਸਣੇ ਕਪੜੀ ਲਗ ਪਏ ਨਾਣ ਝੱਟ ਪਟ ।
ਇਕ ਦੂਜੇ ਨੂੰ ਦੇਣ ਵਧਾਈ ਸਾਰੇ,
ਲਗੇ ਸਤਿਗੁਰਾਂ ਦਾ ਸ਼ੁਕਰ ਮਨਾਣ ਝਟ ਪਟ ।
ਸੇਵਾਦਾਰਾ ਸਭ ਤੜਫਦੇ ਦਰਸ਼ਨਾ ਨੂੰ,
ਸਤਿਗੁਰ ਹੋਏ ਨਰੋਬੀ ਰਵਾਨ ਝਟ ਪਟ ।
ਰੌਲਾ ਪਾਇਆ ਅਖਬਾਰਾਂ ਤੇ ਰੇਡਿਓ ਨੇ,
ਸਿਰਜਹਾਰ ਨਿਰੰਕਾਰ ਕਰਤਾਰ ਹੈ ਏ ।
ਤਿਨੇ ਲੋਕ ਹਨ ਏਸੇ ਦੇ ਹੁਕਮ ਅੰਦਰ,
ਹਰ ਕੋਈ ਏਸੇ ਦਾ ਹੀ ਸੇਵਾਦਾਰ ਹੈ ਏ ।

ਧੰਨ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੁਖ ਭੰਜਨ ਸਤਿਗੁਰੂ

ਬੈਂਤ : ਪ੍ਰੀਤਮ ਸਿੰਘ ਮਠਾਰੂ ਦੇ ਘਰ ਵਾਲੀ,
ਚੰਨਣ ਕੌਰ ਬੀਬੀ ਜਿਸ ਦਾ ਨਾਮ ਹੈ ਏ ।
ਅਫਰੀਕਾ ਵਿਚ ਨਰੋਬੀ ਦੇ ਰਹਿਣ ਵਾਲੀ,
ਕਰਦੀ ਸੋਧ ਅੰਦਰ ਘਰ ਦਾ ਕਾਮ ਹੈ ਏ ।
ਗੁਰਾਂ ਥਾਪਿਆ ਮੁਖੀ ਹੈ ਬੀਬੀਆਂ ਦੀ.
ਸੇਵਾ ਕਰਦੀ ਤੇ ਜਪਦੀ ਨਾਮ ਹੈ ਏ ।
ਐਸੀ ਪਿੱਠ ਤੇ ਡਿਗ ਕੇ ਸੱਟ ਲਗੀ,
ਸਿੱਧਾ ਹੋਣਾ ਵੀ ਹੋਇਆ ਹਰਾਮ ਹੈ ਏ ।

ਬੈਂਤ : ਜਦੋਂ ਜਾਕੇ ਵਖਾਇਆ ਸੀ ਡਾਕਟਰਾਂ ਨੂੰ,
ਓਹਨਾ ਆਖਿਆ ਸਾਡੇ ਨਾਂ ਵਸ ਹੈ ਏ ।
ਸੱਟ ਏਸ ਦਾ ਨਹੀ ਇਲਾਜ ਕੋਈ,
ਕੰਮ ਕਾਰ ਕਰਨਾ ਏਹਦਾ ਬਸ ਹੈ ਏ ।
ਸਿੰਘਾਪੁਰ ਇੰਗਲੈਂਡ ਦੇ ਸਰਜਨਾ ਵੀ
ਦਿਤੀ ਆਪਣੀ ਰਾਏ ਫਿਰ ਦਸ ਹੈ ਏ ।
ਇਸ ਨੂੰ ਕਦੇ ਆਰਾਮ ਨਹੀ ਆ ਸਕਦਾ,
ਵੇਖ ਲਵੋਂ ਦੁਨੀਆਂ ਸਾਰੀ ਨਸ ਹੈ ਏ ।

ਬੈਂਤ : ਜਦੋਂ ਟੁਟ ਜਾਏ ਆਸ਼ ਸੰਸਾਰ ਵਲੋਂ,
ਯਾਦ ਆਂਵਦੀ ਫੇਰ ਕਰਤਾਰ ਦੀ ਏ ।
ਜਦੋਂ ਡਾਕਟਰਾਂ ਦੇ ਜਵਾਬ ਦਿਤਾ.
ਬੀਬੀ ਮਨ ਦੇ ਵਿਚ ਵੀਚਾਰਦੀ ਏ ।
ਦਰਸ਼ਨ ਕਰ ਲਵਾਂ ਜਾ ਕੇ ਸਤਿਗੁਰਾਂ ਦੇ,
ਖਬਰ ਜਿੰਦਗਾਨੀ ਦਿਨ ਚਾਰ ਦੀ ਏ ।
ਖਬਰ ਦੁਖ ਦੁਖਿਆਰ ਨ ਦਾ ਦੂਰ ਹੋ ਜਾਏ,
ਆਸ ਮਨ ਅੰਦਰ ਇਹੋ ਧਾਰਦੀ ਏ ।

ਬੈਂਤ : ਗੋਲੇ ਹੋਲੇ ਦਾ ਲਗਾ ਦੀਵਾਨ ਹੈ ਸੀ,
ਸੋਭਾ ਪਾ ਰਹੇ ਵਿਚ ਜਗਜੀਤ ਸਤਿਗੁਰ ।
ਸਭ ਸੰਗਤਾ ਨੂੰ ਠੰਡ ਪਾ ਰਹੇ ਨੇ.
ਬਖਸ਼ਣਹਾਰ ਦਾਤਾ ਸਭ ਦੇ ਮੀਤ ਸਤਿਗੁਰ ।
ਜ਼ੈਲ ਸਿੰਘ ਰਜੀਵ ਵੀ ਪਹੁੰਚ ਕਹਿੰਦੇ,
ਐਸੀ ਵੇਖੀ ਵੀ ਨਹੀ ਕਿਧਰੇ ਰੀਤ ਸਤਿਗੁਰ ।
ਕਾਇਆਂ ਪਲੱਟ ਜਾਏ ਦੇਸ਼ ਖੁਸ਼ਹਾਲ ਹੋ ਜਾਏ,
ਲਗੱਣ ਐਸੇ ਦੀਵਾਨ ਜੇ ਨੀਤ ਸਤਿਗੁਰ ।

ਬੈਂਤ : ਮਾਰੀ ਦੁਖ ਦੀ ਬੀਬੀ ਏਹ ਪਹੁੰਚ ਓਥੇ,
ਗੁਰੂ ਚਰਨਾ ਤੇ ਸੀਸ ਝੁਕਾਂਵਦੀ ਏ ।
ਮੱਥਾ ਟੇਕ ਕੇ ਚਲੀ ਗਈ ਬੀਬੀਆਂ ਵੱਲ,
ਬੜੀ ਨਾਲ ਮੁਸ਼ਕਲ ਬੈਠ ਜਾਂਵਦੀ ਏ ।

ਐਸੀ ਦਰਦ ਉਠੀ ਉਸ ਦੀ ਪਿਠ ਅੰਦਰ,
ਇਕ ਦਮ ਲੇਟ ਓਹ ਧਰਤੀ ਤੇ ਜਾਂਵਦੀ ਏ ।
ਐਸਾ ਦਰਦ ਨੇ ਪਾ ਤੜਫਾਟ ਦਿਤਾ,
ਜਿਵੇ ਜਾਨ ਹੀ ਨਿਕਲਦੀ ਜਾਂਵਦੀ ਏ ।

ਬੈਂਤ : ਢੱਠੀ ਪਈ ਨੇ ਕੀਤੀ ਅਰਦਾਸ ਐਸੀ,
ਗੁਰੂ ਚਰਨਾਂ ਵਿਚ ਹੋ ਗਈ ਪਰਵਾਨ ਇਕ ਦਮ ।
ਦਰਦ ਉਡ ਗਈ ਸੁਖ ਦਾ ਸਾਹ ਆਇਆ,
ਆ ਗਈ ਬੀਬੀ ਦੀ ਜਾਨ ਵਿਚ ਜਾਨ ਇਕ ਦਮ ।
ਬੈਹ ਗਈ ਉਠ ਕੇ ਖੁਸ਼ੀ ਨਾ ਜ਼ਾਏ ਝੱਲੀ,
ਲਗ ਪਈ ਸਤਿਗੁਰਾਂ ਦੇ ਗੁਣ ਗਾਣ ਇਕ ਦਮ ।
ਸੇਵਾਦਾਰਾ ਹੁਣ ਗੁਰਾਂ ਦੀ ਕਰੇ ਸੇਵਾ,
ਰੋਗ ਛਡ ਗਿਆ ਓਸ ਦੀ ਜਾਨ ਇਕ ਦਮ ।

ਧੰਨ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਧਨਵਾਦ

1 ਹੋ ਸਕਦਾ ਸੀ ਜੇ ਸੰਤ ਤਰਸੇਮ ਸਿੰਘ ਜੀ ਮੈਨੂੰ ਪ੍ਰੇਰਨਾ ਨਾ ਦੇਂਦੇ ਤਾਂ ਮੈਨੂੰ ਪੁਸਤਕ ਲਿਖਣ ਦਾ ਕਦੇ ਖਿਆਲ ਵੀ ਨਾ ਅਊਂਦਾ ਇਸ ਲਈ ਮੈਂ ਸੰਤਾਂ ਦਾ ਅਤੀ ਧਨਵਾਦੀ ਹਾਂ ਜਿਨਾ ਮੈਨੂੰ ਗੁਰੂ ਜਸ ਲਿਖਣ ਲਈ ਪਰੇਰਿਆ ਹੈ।

2 ਮੈਂ ਸੂਬਾ ਸਤਿਨਾਮ ਸਿੰਘ ਜੀ ਨਰੋਬੀ ਵਾਲਿਆ ਦਾ ਵੀ ਧਨਵਾਦ ਕਰਨੋ ਨਹੀ ਰੈਹ ਸਕਦਾ ਜਿਨਾ ਮੈਨੂੰ ਇਸ ਕੰਮ ਲਈ ਬਹੁਤ ਉਤਸ਼ਾਹ ਅਤੇ ਸਹਿਯੋਗ ਬਖਸ਼ਿਆ ਹੈ।

3 ਮੈਂ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਜਿਨਾ ਦੇ ਗੁਰੂ ਜੱਸ ਰੂਪੀ ਪੁਸਤਕ ਭੰਡਾਰ ਵਿਚੋਂ ਵੀ ਕੁਝ ਸਾਖੀਆਂ ਲੈ ਕੇ ਪਰਸੰਗ ਲਿਖੇ ਹਨ ਦਾ ਬਹੁਤ ਰਿਣੀ ਹਾਂ।

4 ਮੈਂ ਮਹੰਤ ਆਤਮਾ ਸਿੰਘ ਜੀ ਸੰਖਤਰਾ ਜੀ ਦਾ ਵੀ ਬਹੁਤ ਧਨਵਾਦ ਕਰਦਾ ਹਾਂ ਜਿਨਾ ਨੇ ਇਸ ਪੁਸਤਰ ਖਰਰੜੇ ਨੂੰ ਪੜ ਕੇ ਬਹੁਤ ਸੁੰਦਰ ਸੁਝਾ ਦਿਤੇ ਹਨ।

5 ਅੰਤ ਵਿਚ ਮੈਂ ਹਾਜ਼ਰਾ ਹਜ਼ੂਰ ਆਕਾਲ ਪੁਰਖ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਮਹਾਨ ਕ੍ਰਿਪਾ ਸਦਕਾ ਪੁਸਤਕ (ਪ੍ਰਸੰਗ ਪਰਤੱਖ ਸਤਿਗੁਰੂ) ਦਾ ਪਹਿਲਾ ਭਾਗ ਲਿਖ ਸਕਿਆ ਹਾਂ।

ਸੇਵਾ ਸਿੰਘ ਨਾਮਧਾਰੀ

ਸੇਵਾਦਾਰ



ਸੇਵਾ ਸਿੰਘ ਨਾਮਧਾਰੀ
ਸੇਵਾਦਾਰ